# ਸਾਹਿਬਾਂ

(ਕਾਵਿ-ਨਾਟ)

ਬੇ-ਵਫ਼ਾ ਹੈ ਅਸਲ ਵਿਚ ਇਹ ਸੋਨੇ-ਰੰਗੀ ਰੁੱਤ,
ਐਵੇਂ ਹੀ ਨਾਂ ਬਦਨਾਮ ਹੈ ਤੇਰੇ ਪਿਆਰ ਦਾ।

# ਸਾਹਿਬਾਂ

(ਕਾਵਿ-ਨਾਟ)

ਧਰਮ ਸਿੰਘ ਕੰਮੇਆਣਾ

ਪ੍ਰਕਾਸ਼ਕ

ਸਹਿਜ ਪਬਲੀਕੇਸ਼ਨ, ਸਮਾਣਾ

Poetic Play/ Punjabi Poetic Play

**Sahiban**
**By- Dharam Singh Kammeyana**
**F-707, Azad Nagar,**
**Patiala-147003**
**Punjab (India)**
**Cell -98760-62329**

**© Author**
**ISBN : 978-81-968866-7-7**
**First Edition : 1980**
**Second Edition : 2011**
**Third Edition : 2024**

**Publisher : Sehaj Publication**
**Ram Basti, Backside Post Office,**
**Samana (Patiala)**

**Price : 150/-**

ਟਾਈਟਲ ਡਿਜ਼ਾਇਨ: **ਜੁਗਲ ਕਿਸ਼ੋਰ ਪੰਗੋਤਰਾ**
73474-38626

ਕੰਪਿਊਟਰ : ***ਸਵੀਨੀ ਕੰਪਿਊਟਰ***
ਅਮਰਜੀਤ ਸਿੰਘ ਲਾਂਬਾ
94178-44631, 0175-2228216

# ਪਹਿਲਾਂ ਪ੍ਰਕਾਸ਼ਿਤ ਪੁਸਤਕਾਂ

## ਕਾਵਿ - ਸੰਗ੍ਰਹਿ

- ਸੂਲਾਂ ਵਿੰਨ੍ਹੇ ਫੁੱਲ (ਜਨਵਰੀ 1978)
- ਪੂਜਾ (ਦਸੰਬਰ 1978)
- ਮੈਨੂੰ ਹਸਣਾ ਭੁੱਲ ਗਿਆ ਮਾਂ ! (1982)
- ਦੁੱਲਾ ਪਿੰਡੀਓਂ ਤੁਰ ਪਿਆ (1991)
- ਸਮਕਾਲ (1992)
- ਅੱਗ ਦੇ ਫੁੱਲ (1996)
- ਨਵੀਆਂ ਪੈੜਾਂ (1997)
- ਉਪਰਾਮ ਮੌਸਮ (2008)
- ਉਮਰਾਂ ਦੀ ਫੁਲਕਾਰੀ (2011)
- ਉਮੀਦ (2014)
- ਦੁਮੇਲ (2015)
- ਸੁਲਗਤੇ ਨਾ ਬੁਝ ਜਾਣਾ (ਹਿੰਦੀ : 2018)
- ਓਰੇ (2021)

## ਗੀਤ-ਸੰਗ੍ਰਹਿ

- ਜਾਗ ਕਿਸਾਨਾਂ ਜਾਗ (1992)
- ਕੋਈ ਕੋਈ ਦੀਵਾ ਬਲੇ (2013)
- ਮਿੱਟੀ ਦਾ ਮੋਰ (2024)
- ਪੋਹਲ਼ੀ ਦੇ ਫੁੱਲ (2024)

## ਕਾਵਿ-ਨਾਟ

- ਸਾਹਿਬਾਂ (1980)

## ਵਾਰਤਕ

- ਕੰਮੇਆਣਾ : ਮੇਰਾ ਜਨਮ ਸਥਾਨ (2021)

## ਸਵੈ-ਜੀਵਨੀ

- ਮੇਰੀ ਗੀਤਕਾਰੀ ਦਾ ਸਫ਼ਰ (2004)
- ਟੁੱਟੇ ਹੋਏ ਪੁਲ਼ (2019)

## ਨਾਵਲ

- ਆਪਣੇ ਬਿਗਾਨੇ (2010)
- ਉੱਖੜੇ ਸੁਰ (2012)

- ਸ਼ਹਿਰ ਵੱਲ ਜਾਂਦੀ ਸੜਕ (2018)
- ਸ਼ਹਿਰੀ ਕੀ ਔਰ ਜਾਤੀ ਸੜਕ (ਹਿੰਦੀ 2018)
- ਉੱਖੜੇ ਸੁਰ (ਹਿੰਦੀ 2018)
- ਸਤਲੁਜ ਦੇ ਆਰ-ਪਾਰ (2021)
- 378 ਦਿਨ : ਜਿਨ੍ਹਾਂ ਦਿੱਲੀ ਹਿਲਾ ਦਿੱਤੀ (2023)

## ਬਾਲ ਸਾਹਿਤ

- ਭੋਲੂ (ਬਾਲ ਨਾਵਲ : 2017)
- ਭੋਲੂ (ਹਿੰਦੀ ਬਾਲ ਨਾਵਲ : 2017)
- ਇਨਾਯਾ (ਬਾਲ ਕਵਿਤਾਵਾਂ : 2018)
- ਨਿਆਣਪੁਣਾ (ਬਚਪਨ ਦੀਆਂ ਯਾਦਾਂ : 2018)
- ਮਿਹਨਤ ਦਾ ਫਲ (ਬਾਲ ਨਾਵਲ : 2018)
- ਤੁਣਕ ਤੁਣਕ ਤੁਨ (ਬਾਲ-ਨਾਵਲ : 2017)
- ਪਟਿਆਲਾ ਤੋਂ ਮੈਕਲੋਡਗੰਜ (ਸਫ਼ਰਨਾਮਾ : 2019)
- ਦੂਨ ਵੈਲੀ 'ਚ ਵਿਚਰਦਿਆਂ (ਸਫ਼ਰਨਾਮਾ) (2018)

## ਮਿੰਨੀ ਕਹਾਣੀਆਂ

- ਅੰਦਰਲੀ ਗੱਲ (2022)

## ਲੇਖਕ ਦੀਆਂ : ਸਾਹਿਤਕ ਰਚਨਾਵਾਂ ਕੁਝ ਖੋਜ ਪੁਸਤਕਾਂ

- ਧਰਮ ਕੰਮੇਆਣਾ ਦਾ ਕਾਵਿ-ਚਿੰਤਨ : ਬਹੁ-ਪੱਖੀ ਅਧਿਐਨ (2011) -ਡਾ. ਸੁਖਜੀਤ ਕੌਰ
- ਧਰਮ ਕੰਮੇਆਣਾ ਦਾ ਕਾਵਿ-ਜਗਤ (2016) -ਪ੍ਰੋ. ਗੁਰਪ੍ਰੀਤ ਸਿੰਘ
- ਧਰਮ ਕੰਮੇਆਣਾ ਦੇ ਨਾਵਲ ਸੰਵਾਦ ਤੇ ਸਮੀਖਿਆ (2018) -ਪ੍ਰੋ. ਗੁਰਪ੍ਰੀਤ ਸਿੰਘ

## ਹੋਰ

- 125 ਤੋਂ ਵੱਧ ਗੀਤ ਪ੍ਰਸਿੱਧ ਗਾਇਕ/ਗਾਇਕਾਵਾਂ ਦੀਆਂ ਆਵਾਜ਼ਾਂ ਵਿਚ, ਫ਼ੀਚਰ ਫ਼ਿਲਮਾਂ, ਟੀ. ਵੀ. ਸੀਰੀਅਲ, ਆਡੀਓ ਕੈਸਟਾਂ, ਸੀ. ਡੀਜ਼ ਤੇ ਵੀ. ਸੀ.ਡੀਜ਼ ਵਿਚ ਅਤੇ ਰੇਡੀਓ- ਟੀ. ਵੀ. ਉਪਰ ਰਿਕਾਰਡ ਹੋਏ।
- ਕਈ ਕਵਿਤਾਵਾਂ ਦੇ ਹਿੰਦੀ ਤੇ ਅੰਗਰੇਜ਼ੀ ਸਮੇਤ ਕਈ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋਏ।
- ਵੱਖ-ਵੱਖ ਯੂਨੀਵਰਸਿਟੀਆਂ ਵਿਚ ਧਰਮ ਸਿੰਘ ਕੰਮੇਆਣਾ ਦੀ ਸ਼ਾਇਰੀ ਅਤੇ ਹੋਰ ਰਚਨਾਵਾਂ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੇ ਐਮ. ਫ਼ਿਲ. ਅਤੇ ਪੀ-ਐਚ.ਡੀ. ਦੇ ਥੀਸਿਸ ਲਿਖੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਐਮ. ਏ. ਪੰਜਾਬੀ ਦੇ ਸਿਲੇਬਸ ਵਿਚ ਕਾਵਿ-ਰਚਨਾ ਸ਼ਾਮਲ।

# ਮੁੱਢਲੇ ਸ਼ਬਦ

ਕਿੱਸਾ ਕਾਵਿ – ਧਾਰਾ ਕਿਸੇ ਸਮੇਂ ਪੰਜਾਬੀ ਸਾਹਿਤ ਦੀ ਪ੍ਰਮੁੱਖ ਕਾਵਿ – ਧਾਰਾ ਸੀ। ਪੰਜਾਬੀ ਵਿਚ ਬਹੁਤ ਸਾਰੇ ਕਵੀਆਂ ਨੇ ਕਿੱਸੇ ਲਿਖੇ, ਜਿਨ੍ਹਾਂ ਵਿਚ ਉਸ ਸਮੇਂ ਦਾ ਸਧਰਨ ਮਨੁੱਖੀ ਜੀਵਨ ਦਰਸਾਇਆ ਗਿਆ ਹੈ। ਇਹਨਾਂ ਵਿਚੋਂ "ਮਿਰਜ਼ਾ – ਸਾਹਿਬਾਂ" ਦਾ ਕਿੱਸਾ ਏਧਰਲੇ ਤੇ ਓਧਰਲੇ ਦੋਹਾਂ ਪੰਜਾਬਾਂ ਵਿਚ ਹੀ ਬਹੁਤ ਪ੍ਰਿਯ ਹੈ। ਖੁੰਢਾਂ ਤੇ ਬੈਠੇ ਲੋਕ ਇਹਨਾਂ ਦੀਆਂ ਬਾਤਾਂ ਪਾਉਂਦੇ ਨੇ ਤੇ ਖੇਤਾਂ ਨੂੰ ਪਾਣੀ ਲਾਉਂਦੇ ਜੱਟ ਮਿਰਜ਼ੇ ਦੀਆਂ ਸੱਦਾਂ ਲਾ ਕੇ, ਹਨੇਰੀਆਂ ਰਾਤਾਂ ਵਿਚ ਘੂਕ ਸੁੱਤੀਆਂ ਫਸਲਾਂ ਦਾ ਦਿਲ ਧੜਕਣ ਲਾ ਦਿੰਦੇ ਹਨ।

ਇਸ ਕਹਾਣੀ ਦਾ ਪ੍ਰਾਚੀਨਤਮ ਸੋਮਾ ਪੀਲੂ ਦੀ ਰਚਨਾ "ਮਿਰਜ਼ਾ – ਸਾਹਿਬਾਂ" ਹੈ, ਜਿਸ ਵਿਚ ਉਸ ਨੇ ਮਿਰਜ਼ੇ ਦੀ ਮੌਤ ਤੱਕ ਦੇ ਬ੍ਰਿਤਾਂਤ ਨੂੰ ਲਿਆ ਹੈ। ਇਸ ਕਿੱਸੇ ਵਿਚ ਇਕ ਅੱਧ ਥਾਂ ਉੱਤੇ ਅਜਿਹਾ ਹਵਾਲਾ ਆਇਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਪੀਲੂ ਨੇ ਇਹ ਘਟਨਾ ਅੱਖੀਂ ਵੇਖੀ। ਜਿਵੇਂ –

*ਮਿਰਜ਼ਾ ਸਿਆਲਾਂ ਨੂੰ ਤੁਰ ਪਿਆ,*
*ਚਲਿਆ ਹੂਆ ਸਵਾਰ।*
*ਮਿਰਜ਼ਾ ਪੁਛੇ ਪੀਲੂ ਸ਼ਾਇਰ ਨੂੰ*
*ਦੱਸੀਂ ਸ਼ਗਨ ਵਿਚਾਰ।*
*ਪੀਲੂ ਬੈਠਾ ਖੂਹ 'ਤੇ*
*ਕਰ ਕੇ ਲੱਖ ਤਦਬੀਰ।*

ਰਾਂਝਾ ਬਰਖ਼ੁਰਦਾਰ ਨੇ ਇਸ ਘਟਨਾਂ ਦਾ ਸਮਾਂ ਅਕਬਰ ਬਾਦਸ਼ਾਹ ਦਾ ਕਾਲ ਮੰਨਿਆ ਹੈ ਤੇ ਪੀਲੂ ਦਾ ਸਮਾਂ ਵੀ ਅਕਬਰ ਜਾਂ ਉਸ ਤੋਂ ਕੁਝ ਕੁ ਸਮਾਂ

ਪਿਛੋਂ ਦਾ ਸੀ। ਪੀਲੂ ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੀ। ਨਿਰਸੰਦੇਹ ਉਸ ਨੇ ਇਹ ਘਟਨਾ ਅੱਖੀਂ ਵੇਖੀ ਹੋਵੇਗੀ। ਇਸੇ ਲਈ ਹੀ ਉਸ ਦੀ ਕਹਾਣੀ ਸਭ ਕਿੱਸਾਕਾਰਾਂ ਤੋਂ ਸਹੀ ਮੰਨੀ ਜਾਂਦੀ ਹੈ।

"ਪੀਲੂ ਦੀ ਰਚਨਾ ਦੀ ਪੁਰਾਤਨ ਲਿਖਤ ਕੋਈ ਪ੍ਰਾਪਤ ਨਹੀਂ ਹੋਈ। ਇਸ ਦਾ ਪਾਠ ਸਭ ਤੋਂ ਪਹਿਲਾਂ ਆਰ. ਸੀ.ਟੈਂਪਲ ਨੇ ਪਰਾਣੇ ਮਰਾਸੀਆਂ ਤੋਂ ਸੁਣ ਕੇ ਆਪਣੀ ਪੁਸਤਕ "ਲੈਜ਼ੈਂਡਜ਼ ਔਫ ਪੰਜਾਬ" ਜਿਲਦ ਤੀਜੀ ਵਿਚ ਪਹਿਲੀ ਵਾਰ ਦਰਜ ਕੀਤਾ। ਜ਼ਬਾਨੀ ਯਾਦ ਰੱਖੀ ਰਚਨਾ ਵਿਚ ਸ਼ੁਧ ਪਾਠ ਨਹੀਂ ਹੁੰਦਾ। ਸਮੇਂ ਨਾਲ ਅਤੇ ਸਥਾਨ ਦੇ ਅਨੁਸਾਰ ਅਤੇ ਵਿਅਕਤੀ ਦੀ ਸੂਝ ਅਤੇ ਯਾਦਾਸ਼ਤ ਮੁਤਾਬਕ ਇਸ ਵਿਚ ਪ੍ਰੀਵਰਤਣ ਹੁੰਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਪੀਲੂ ਰਚਿਤ ਕਿੱਸਾ ਜਿਹੜਾ ਸਾਡੇ ਹੱਥਾ ਵਿਚ ਪੁੱਜਿਆ ਹੈ ਬਹੁਤ ਥਾਈਂ ਅਸ਼ੁਧ ਹੈ। ਇਸ ਵਿਚ ਗਲਤ ਹਵਾਲੇ ਹਨ।('ਜਾਗ੍ਰਤੀ', ਮਈ 1979, ਪੰਨਾ 30)

ਮੈਂ ਆਪਣੀ ਰਚਨਾ ਲਈ ਸਾਰੇ ਦੀ ਸਾਰੀ ਕਥਾ-ਕਹਾਣੀ ਪੀਲੂ ਰਚਿਤ "ਮਿਰਜ਼ਾ - ਸਾਹਿਬਾਂ" ਦੇ ਕਿੱਸੇ ਵਿਚੋਂ ਹੀ ਲਈ ਹੈ। ਇਸ ਵਿਚੋਂ ਜੋ ਕੁਝ ਮੈਨੂੰ ਬੇ-ਲੋੜਾ ਤੇ ਗਲਤ ਲੱਗਿਐ ਮੈਂ ਛੱਡ ਦਿੱਤਾ ਹੈ। ਜਿਵੇਂ ਮਿਰਜ਼ੇ ਦਾ ਪਹਿਲਾਂ ਵਿਆਹਿਆ ਹੋਣਾ, ਸਾਹਿਬਾਂ ਦਾ ਮਿਰਜ਼ੇ ਦੀ ਮੰਗ ਹੋਣਾ, ਸਾਹਿਬਾਂ ਦਾ ਮਿਰਜ਼ੇ ਦੀ ਬੱਕੀ (ਘੋੜੀ) ਨੂੰ ਨਿੰਦਣਾ ਆਦਿ। ਪਾਤਰ ਵੀ ਸਾਰੇ ਪੀਲੂ ਵਾਲੇ ਹੀ ਹਨ ਤੇ ਕੁਝ ਕੁ ਮੈਂ ਕਲਪਣਾ ਕਰ ਲਈ ਹੈ, ਮਸਲਨ, ਸਾਹਿਬਾਂ ਦੀ ਸਹੇਲੀ ਜੈਨਾਂ, ਸਾਹਿਬਾਂ ਦੀ ਮਾਂ ਸਲਮੀ ਤੇ ਇਕ ਬੁੱਢਾ ਫ਼ਕੀਰ ਸ਼ਾਇਰ। (ਜੋ ਅਸਲ ਵਿਚ ਪੀਲੂ ਦਾ ਹੀ ਕਿਰਦਾਰ ਹੈ)।

ਕਰਮੂ ਨੂੰ ਮੈਂ ਮਿਰਜ਼ੇ ਦਾ ਦੋਸਤ ਕਿਹਾ ਹੈ। ਜੇਕਰ ਉਹ ਮਿਰਜ਼ੇ ਦਾ ਦੋਸਤ ਨਾ ਹੁੰਦਾ ਤਾਂ ਪਿੰਡ ਦੇ ਬ੍ਰਾਹਮਣ ਨੂੰ ਕੀ ਲੋੜ ਪਈ ਸੀ ਮੱਚਦੀ ਅੱਗ 'ਚ ਛਾਲ ਮਾਰਨ ਦੀ। ਜਿਹੜੀ ਦੂਜੀ ਗੱਲ ਸਾਡੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਸਾਡੇ ਸਮਾਜ ਵਿਚ ਜਿਸ ਕੁੜੀ ਦੇ ਇਸ਼ਕ ਬਾਰੇ ਪਤਾ ਲੱਗ ਜਾਵੇ, ਉਸ ਨੂੰ ਕੋਈ ਛੇਤੀ ਕੀਤੇ ਘਰੋਂ ਬਾਹਰ ਕਦਮ ਨਹੀਂ ਰੱਖਣ ਦਿੰਦਾ। ਖ਼ਾਸ ਕਰਕੇ, ਉਸ ਦੇ ਵਿਆਹ ਦਾ ਦਿਨ ਨੇੜੇ ਹੋਵੇ ਤਾਂ ਉਸ 'ਤੇ ਪਹਿਰਾ ਹੀ ਰੱਖਿਆ ਜਾਂਦਾ ਹੈ, ਫਿਰ ਸਾਹਿਬਾਂ ਕਰਮੂ ਨੂੰ ਸੁਨੇਹਾਂ ਕਿਵੇਂ ਦੇ ਆਈ ? ਮੈਂ ਸਾਹਿਬਾਂ ਦੀ ਸਹੇਲੀ ਜੈਨਾਂ ਸਿਰਜੀ ਹੈ, ਜੋ ਉਸ ਨੂੰ ਉਹਦੇ ਘਰ ਮਿਲਣ ਆਉਂਦੀ ਹੈ ਤੇ ਸਾਹਿਬਾਂ ਦਾ ਸੁਨੇਹਾ ਮਿਰਜ਼ੇ ਦੇ ਯਾਰ

ਕਰਮੂ ਨੂੰ ਜਾ ਕੇ ਦਿੰਦੀ ਹੈ ਤੇ ਇਹ ਸਭ ਕੁਝ ਠੀਕ ਵੀ ਜਾਪਦਾ ਹੈ।

ਮਿਰਜ਼ੇ ਨੂੰ ਮੈਂ ਇਕ ਆਮ ਕਿਸਾਨ ਪਰਿਵਾਰ ਦਾ ਪੁੱਤ ਕਿਹਾ ਹੈ। ਨਿਰਸੰਦੇਹ ਉਸ ਦਾ ਪਿਤਾ ਬਿੰਜਲ ਕਦੇ ਅਮੀਰ ਹੁੰਦਾ ਸੀ ਪਰ ਸਮੇਂ ਦੀ ਉੱਥਲ-ਪੁਥੱਲ ਵਿਚ ਉਸ ਦਾ ਵਾਲ – ਵਾਲ ਕਰਜ਼ਾਈ ਹੋ ਗਿਆ ਸੀ। ਜੇ ਮਿਰਜ਼ੇ ਦਾ ਪਿਉ ਕਰਜ਼ਾਈ ਤੇ ਸਾਧਾਰਨ ਕਿਸਾਨ ਨਾ ਹੁੰਦਾ ਤਾਂ ਸਾਹਿਬਾਂ ਉਹਦੇ ਤੋਂ ਕੋਈ ਨਹੀਂ ਸੀ ਖੋਂਹਦਾ, ਸਗੋਂ ਸਿਆਲਾਂ ਨੇ ਖਰਲਾਂ ਦੇ ਘਰ ਹੱਸ ਕੇ ਰਿਸ਼ਤਾ ਕਰਨਾ ਸੀ।

"ਮਿਰਜ਼ਾ – ਸਾਹਿਬਾਂ" ਵਿਚ ਇਕ ਪਾਤਰ ਫਿਰੋਜ ਡੋਗਰ ਆਉਂਦਾ ਹੈ। ਪੀਲੂ ਇਸ ਨੂੰ ਚੁਗਲਖੋਰ ਕਹਿੰਦਾ ਹੈ। ਉਸ ਅਨੁਸਾਰ ਇਸੇ ਨੇ ਹੀ ਸਾਹਿਬਾਂ ਦੇ ਉਧਲਣ ਦੀ ਖ਼ਬਰ ਸਿਆਲਾਂ ਨੂੰ ਦੱਸੀ ਸੀ। (ਕਿੱਸਾਕਾਰ ਭਗਵਾਨ ਸਿੰਘ ਅਨੁਸਾਰ ਮਿਰਜ਼ੇ ਨੇ ਇਸ ਨੂੰ ਮਾਰ ਦਿੱਤਾ ਸੀ)। ਮੈਂ ਉਸ ਨੂੰ ਸਾਹਿਬਾਂ ਦੇ ਅਸਫ਼ਲ ਪ੍ਰੇਮੀ ਦੇ ਰੂਪ ਵਿਚ ਚਿਤਰਿਆ ਹੈ। ਜੇ ਸਾਹਿਬਾਂ ਸੋਹਣੀ ਸੀ ਤਾਂ ਕੀ ਮਿਰਜ਼ੇ ਬਿਨਾਂ ਉਹਦੀ ਜ਼ਿੰਦਗੀ 'ਚ ਹੋਰ ਕੋਈ ਨਾ ਆਇਆ ? ਇਹ ਸਵਾਲ ਸਾਡੀ ਸੋਚ ਦਾ ਖਹਿੜਾ ਨਹੀਂ ਛੱਡਦਾ। ਫਿਰੋਜ਼ ਡੋਗਰ ਸਾਹਿਬਾਂ ਨੂੰ ਮੁਹੱਬਤ ਕਰਦਾ ਸੀ ਪਰ ਸਾਹਿਬਾਂ ਨੇ ਉਸ ਨੂੰ ਠੁਕਰਾ ਦਿੱਤਾ ਸੀ ਤੇ ਇਸੇ ਗ਼ਮ 'ਚ ਉਸ ਨੇ ਆਪਣੇ ਆਪ ਨੂੰ ਤਬਾਹ ਕਰ ਲਿਆ ਸੀ।

ਗੱਲ ਅੱਜ ਵੀ ਉਹੀ ਹੈ। ਫਰਕ ਸਿਰਫ ਨਾਵਾਂ, ਘਟਨਾਵਾਂ ਅਤੇ ਸਮੇਂ ਦੇ ਹੀ ਪਏ ਨੇ। ਮੈਂ ਵੇਖਿਆ ਹੈ, ਸਿਆਲ ਅੱਜ ਵੀ ਆਪਣੀ ਅਮੀਰੀ ਦੇ ਗ਼ੁਮਾਨ ਵਿਚ ਗ਼ਰੀਬ ਘਰ ਦੇ ਪੁੱਤ ਮਿਰਜ਼ੇ ਨੂੰ ਸਾਹਿਬਾਂ ਦੇਣ ਤੋਂ ਇਨਕਾਰੀ ਹਨ। ਚੰਧੜ ਅੱਜ ਵੀ ਪੈਸੇ ਦੇ ਬਲ 'ਤੇ ਮਾਸੂਮਾਂ ਦੇ ਅਰਮਾਨਾਂ ਦਾ ਗੱਲ ਘੁੱਟ ਰਹੇ ਹਨ ਤੇ ਪਿਆਰ ਮਾਰੇ ਦਿਲ ਆਪਣੇ ਜੀਵਨ ਦੀ ਆਹੂਤੀਆਂ ਦੇ ਰਹੇ ਹਨ, ਪਰ ਕਿੰਨਾ ਕੁ ਚਿਰ। (ਸਿਆਲ, ਖਰਲ ਤੇ ਚੰਧੜ ਗੋਤ ਵਜੋਂ ਨਹੀਂ, ਸਿੰਬਲ ਵਜੋਂ ਪੜ੍ਹੇ ਤੇ ਸਮਝੇ ਜਾਣੇ ਚਾਹੀਦੇ ਹਨ)

ਮੈਂ ਇਸ ਰਚਨਾ ਰਾਹੀਂ ਸਾਹਿਬਾਂ ਦੀ ਭਟਕਦੀ ਹੋਈ 'ਰੂਹ' ਨਾਲ ਨਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਧਰਤੀ 'ਤੇ ਡੁੱਲ੍ਹੇ ਅੱਲ੍ਹੜਾਂ ਦੇ ਸੁਰਖ ਲਹੂ ਵਿਚਲੀ ਪਵਿੱਤਰਤਾ ਨੂੰ ਪਛਾਣਿਆ ਹੈ। ਮੈਂ ਕਿੰਨਾ ਕੁ ਸਫ਼ਲ ਹਾਂ ਇਹ ਫ਼ੈਸਲਾ ਮੇਰੇ ਲੋਕ ਕਰਨਗੇ।

14, ਅਕਤੂਬਰ, 1979 ਸਾਹਿਤਕ ਮੋਹ ਨਾਲ

**ਧਰਮ ਸਿੰਘ ਕੰਮੇਆਣਾ**

ਪਿਉ ਜਦੋਂ ਧੀ ਦਾ ਕਰਦਾ ਹੈ ਰਿਸ਼ਤਾ।
ਵਰ ਨਾਲੋਂ ਪਹਿਲਾਂ ਜਾਇਦਾਦ ਪੁੱਛਦਾ।

o

ਬੇ-ਵਫ਼ਾ ਔਰਤ ਨਹੀਂ ਹੁੰਦੀ,
ਬੇ-ਵਫ਼ਾ ਇਕ ਯੁੱਗ ਹੁੰਦਾ ਹੈ।

# ਨਵੀਂ ਐਡੀਸ਼ਨ ਬਾਰੇ

ਮੇਰੀ ਪੁਸਤਕ 'ਸਾਹਿਬਾਂ' (ਕਾਵਿ-ਨਾਟ) ਦੀ ਪਹਿਲੀ ਐਡੀਸ਼ਨ ਅੱਜ ਤੋਂ 43 ਸਾਲ ਪਹਿਲਾਂ ਸੰਨ 1980 ਵਿਚ ਪ੍ਰਕਾਸ਼ਿਤ ਹੋਈ ਸੀ। ਮੇਰਾ ਜਨਮ ਸੰਨ 1959 ਦਾ ਹੈ ਅਤੇ ਜਦੋਂ ਸੰਨ 1978-79 ਵਿਚ ਮੈਂ ਇਸ ਪੁਸਤਕ ਨੂੰ ਲਿਖਿਆ ਉਦੋਂ ਮੇਰੀ ਉਮਰ 19-20 ਸਾਲ ਦੀ ਸੀ। ਭਾਵੇਂ ਮੇਰੀ ਉਮਰ ਉਦੋਂ 'ਟੀਨ ਏਜ਼ਰ' ਪੜਾ ਵਿਚ ਹੀ ਸੀ ਪਰ ਪੰਜਾਬੀ ਦੇ ਨਾਲ-ਨਾਲ ਭਾਰਤੀ ਭਾਸ਼ਾਵਾਂ ਦੀਆਂ ਚੰਗੀਆਂ ਪੁਸਤਕਾਂ ਅਤੇ ਵਿਸ਼ਵ ਦੀਆਂ ਸ਼ਾਹਕਾਰ ਪੁਸਤਕਾਂ ਜੋ ਪੰਜਾਬੀ-ਹਿੰਦੀ ਵਿਚ ਅਨੁਵਾਦ ਹੋਈਆਂ ਮਿਲਦੀਆਂ ਸਨ, ਉਨ੍ਹਾਂ ਦੇ ਦੀਰਘ-ਅਧਿਐਨ ਨੇ ਮੇਰੀ ਸੋਚ ਨੂੰ ਕਿਸੇ ਹੱਦ ਤੱਕ ਪ੍ਰੌਢ ਕਰ ਦਿੱਤਾ ਸੀ। ਸਾਹਿਤਕ ਸਮਾਗਮਾਂ ਅਤੇ ਸਾਹਿਤ ਸਭਾਵਾਂ ਦੀਆਂ ਮਹੀਨਾਵਾਰ ਇੱਕਤਰਤਾਵਾਂ ਵਿਚ ਜਾ ਕੇ ਵੀ ਕਾਫੀ ਕੁਝ ਗ੍ਰਹਿਣ ਕਰਨ ਨੂੰ ਮਿਲ ਜਾਂਦਾ ਸੀ।

ਜਿਸ ਸਮੇਂ ਮੈਂ 'ਸਾਹਿਬਾਂ' ਪੁਸਤਕ ਦੀ ਸਿਰਜਣਾ ਵਿਚ ਰੁਝਿਆਂ ਹੋਇਆ ਸੀ, ਉਦੋਂ ਤਕ ਮੈਂ ਅੱਲੜ੍ਹ ਉਮਰ ਦੇ ਇਸ਼ਕ ਦੇ ਇਕ ਦੁਖਾਂਤਕ ਅਨੁਭਵ ਵਿਚੋਂ ਲੰਘ ਚੁੱਕਾ ਸੀ। ਮੇਰੇ ਆਪਣੇ ਘਰ ਦੀ ਆਰਥਿਕ ਦਸ਼ਾ ਉਦੋਂ ਉਸੇ ਤਰ੍ਹਾਂ ਦੀ ਹੋ ਚੁੱਕੀ ਸੀ ਜਿਸ ਤਰ੍ਹਾਂ ਦੀ ਮੈਂ ਇਸ ਕਾਵਿ-ਨਾਟ ਵਿਚ ਮਿਰਜ਼ੇ ਦੇ ਪਰਿਵਾਰ ਦੀ ਵਿਖਾਈ ਹੈ। ਇਸ ਲਈ ਮਿਰਜ਼ੇ-ਸਾਹਿਬਾਂ ਦੀ ਪੁਰਾਤਨ ਕਥਾ ਦੇ ਦੁਖਾਂਤ ਨੂੰ ਨਵੇਂ ਜ਼ਾਵੀਏ ਤੋਂ ਲਿਖਦਿਆਂ, ਮੈਨੂੰ ਭਾਵਾਂ ਦੀ ਤੀਬਰਤਾ ਦੀ ਕਿਧਰੇ ਵੀ ਕੋਈ ਘਾਟ ਮਹਿਸੂਸ ਨਹੀਂ ਹੋਈ। ਮੇਰੀ ਕਲਮ ਬਿਨਾਂ ਕਿਸੇ ਖ਼ਾਸ ਉਚੇਚ ਦੇ, ਸੁਤੇ-ਸਿਧ ਹੀ ਇਸ ਕਥਾ ਨੂੰ ਨਵੇਂ ਅਰਥਾਂ ਵਿਚ ਸਿਰਜਦੀ ਗਈ।

ਜਨਵਰੀ, 1980 ਵਿਚ 'ਸਾਹਿਬਾਂ' (ਕਾਵਿ ਨਾਟ) ਦੀ ਪਹਿਲੀ ਐਡੀਸ਼ਨ ਪ੍ਰਕਾਸ਼ਿਤ ਹੋਈ। ਪੁਸਤਕ ਜਦ ਪਾਠਕਾਂ ਤੇ ਅਲੋਚਕਾਂ ਦੇ ਹੱਥਾਂ ਵਿਚ ਪਹੁੰਚੀ ਤਾਂ ਇਸ ਬਾਰੇ ਆਸ-ਪਾਸ ਦੇ ਸਾਹਿਤਕ ਹਲਕਿਆਂ ਵਿਚ ਇਕ ਚਰਚਾ ਛਿੜ ਪਈ। ਮੈਨੂੰ ਕਈ ਪਾਠਕਾਂ ਦੇ ਪਿਆਰ ਭਰੇ ਖ਼ਤ ਵੀ ਮਿਲਣ ਲੱਗੇ।

........... ਤੇ ਫਿਰ ਇਸ ਚਰਚਾ ਨੇ ਕੁਝ ਗੰਭੀਰ ਰੂਪ ਅਖ਼ਤਿਆਰ ਕੀਤਾ। ਸਭ ਤੋਂ ਪਹਿਲਾਂ ਮਰਹੂਮ ਰਾਮ ਸਰੂਪ ਅਣਖੀ ਦੇ ਯਤਨਾਂ ਨਾਲ ਸਾਹਿਤ ਸਭਾ, ਬਰਨਾਲਾ ਨੇ ਇਸ ਪੁਸਤਕ ਉਪਰ ਗੋਸ਼ਟੀ ਕਰਵਾਈ ਤੇ ਉਪਰੰਤ ਸਾਹਿਤ ਸਭਾ, ਕੋਟਕਪੂਰਾ ਨੇ 'ਮੇਰੀ ਸਾਹਿਬਾਂ' ਨੂੰ ਅਲੋਚਨਾ ਦੀ ਤੱਕੜੀ ਵਿਚ ਤੋਲਿਆ।

ਮੇਰੀ ਪੁਸਤਕ ਸਾਹਿਬਾਂ ਜਿੱਥੇ ਪਾਠਕਾਂ ਵਿਚ ਹਰਮਨ ਪਿਆਰੀ ਰਹੀ ਉੱਥੇ ਅਕਾਦਮਿਕ ਹਲਕਿਆਂ ਨੇ ਵੀ ਇਸ ਦਾ ਨੋਟਿਸ ਲਿਆ। ਡਾ. ਰਮਿੰਦਰ ਕੌਰ ਨੇ ਡਾ. ਰਘਬੀਰ ਕੌਰ ਦੀ ਅਗਵਾਈ ਵਿਚ 'ਸਾਹਿਬਾਂ ਕਾਵਿ-ਨਾਟ' ਉਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੀ-ਐਚ.ਡੀ. ਕੀਤੀ ਤਾਂ ਮੇਰੀ ਇਹ ਪੁਸਤਕ ਉਸ ਦੇ ਥੀਸਿਸ ਦਾ ਮੂਲ ਅਧਾਰ ਬਣੀ।

ਪੁਸਤਕ ਦਾ ਨਵਾਂ ਐਡੀਸ਼ਨ ਪ੍ਰਕਾਸ਼ਿਤ ਕਰਨ ਸਮੇਂ, ਜਿੱਥੇ ਉਪਰੋਕਤ ਸਾਹਿਤਕ ਗੋਸ਼ਟੀਆਂ ਵਿਚੋਂ ਉਭਰੇ ਕਈ ਸਵਾਲ ਮੇਰੇ ਅੰਗ-ਸੰਗ ਰਹੇ, ਉੱਥੇ ਕਈ ਉੱਘੇ ਨਾਟਕ ਨਿਰਦੇਸ਼ਕਾਂ ਵਲੋਂ ਮਿਲੇ ਸੁਝਾਅ ਵੀ ਮੇਰੀ ਸਿਰਜਣਾਤਮਕਤਾ ਦਾ ਹਿੱਸਾ ਬਣੇ। ਬੇਸ਼ੱਕ ਮੈਂ ਪੁਸਤਕ ਦੇ ਪਹਿਲੇ ਰੂਪ ਵਿਚ ਬਹੁਤੀ ਕਾਂਟ-ਛਾਂਟ ਤਾਂ ਨਹੀਂ ਕੀਤੀ ਪਰ ਲੋੜ ਅਨੁਸਾਰ ਕਈ ਅਹਿਮ ਸੋਧਾਂ ਜ਼ਰੂਰ ਕੀਤੀਆਂ ਹਨ। 'ਸਾਹਿਬਾਂ' ਦੀ ਪਹਿਲੀ ਐਡੀਸ਼ਨ ਦੇ ਛਪਣ ਸਮੇਂ ਇਸ ਵਿਚਲੀ ਕਥਾ ਸੱਤ ਅੰਕਾਂ ਵਿਚ ਸਮਾਪਤ ਹੁੰਦੀ ਸੀ ਪਰ ਨਵੀਂ ਐਡੀਸ਼ਨ ਵਿਚ ਮੈਂ ਇਸ ਦੇ ਅੰਕ ਅੱਠ ਕਰ ਦਿੱਤੇ ਹਨ।

ਪੁਸਤਕ ਦੀ ਨਵੀਂ ਐਡੀਸ਼ਨ ਤੁਹਾਡੇ ਰੂ-ਬ-ਰੂ ਕਰਨ ਸਮੇਂ ਮੈਨੂੰ ਉਮੀਦ ਹੈ ਕਿ ਤੁਸੀਂ 'ਸਾਹਿਬਾਂ' ਦੇ ਸੋਧੇ ਹੋਏ ਐਡੀਸ਼ਨ ਦਾ ਭਰਪੂਰ ਸਵਾਗਤ ਕਰੋਂਗੇ।

ਆਮੀਨ !

ਜਨਵਰੀ 2024 **ਧਰਮ ਸਿੰਘ ਕੰਮੇਆਣਾ**

# ਸਾਹਿਬਾਂ
## (ਪਹਿਲਾ ਅੰਕ)

ਨਾ ਔਰਤ ਨਾਗਣ ਹੈ ਹੁੰਦੀ
ਨਾ ਔਰਤ ਕਮਜ਼ਾਤ।
ਐਵੇਂ ਲੋਕੀਂ ਬਕਦੇ ਪਏ ਨੇ
ਬੇਵਫ਼ਾ ਹੈ ਔਰਤ ਜ਼ਾਤ।

ਜੇ ਔਰਤ ਬੇਵਫ਼ਾ ਹੈ ਹੁੰਦੀ
ਰਸਮਾਂ ਦੀ ਸਤਾਈ ਹੁੰਦੀ।
ਜੇਕਰ ਔਰਤ ਕੰਜਰੀ ਬਣਦੀ
ਮਰਦਾਂ ਖੁਦ ਬਣਾਈ ਹੁੰਦੀ।
ਕਾਮ ਦੀ ਅੱਗ ਬੁਝਾਵਣ ਖਾਤਰ
ਦੇਵੀ ਖ਼ਾਕ ਰੁਲਾਈ ਹੁੰਦੀ।

**ਪਰਦਾ ਉੱਠਦਾ ਹੈ .........**

**ਸਵੇਰ ਦਾ ਸਮਾਂ**

(ਝੰਗ – ਸਿਆਲ ਦੇ ਬਾਹਰ–ਵਾਰ ਕੋਈ ਸੁੰਨ–ਮਸੁੰਨੀ ਥਾਂ। ਸਟੇਜ਼ ਦੀ ਇਕ ਨੁੱਕਰ ਤੋਂ ਅਠਾਰਾਂ ਕੁ ਸਾਲ ਦੀ ਉਮਰ ਦਾ ਮਿਰਜ਼ਾ ਪ੍ਰਵੇਸ਼ ਕਰਦਾ ਹੈ ਤੇ ਦੂਜੀ ਨੁੱਕਰ ਤੋਂ ਸੋਲ੍ਹਾਂ ਕੁ ਸਾਲ ਦੀ ਉਮਰ ਦੀ ਸਾਹਿਬਾਂ ਸਟੇਜ਼ ਉਪਰ ਆਉਂਦੀ ਦਿਖਾਈ ਦਿੰਦੀ ਹੈ। ਬੈਕਰਾਊਂਡ ਵਿਚੋਂ ਕਵਿਤਾ ਦੇ ਸੁਰਮਈ ਬੋਲ ਉਭਰਦੇ ਹਨ........)

ਧੀ ਜੰਮੀ ਖੀਵੇ ਖ਼ਾਨ ਦੇ
ਜਿਹੜਾ ਸਿਆਲਾਂ ਦਾ ਸਰਦਾਰ।
ਉਹਦਾ ਨਾਂ ਸੀ ਸਾਹਿਬਾਂ ਰੱਖਿਆ
ਮਾਂ–ਪਿਉ ਨੇ ਨਾਲ ਪਿਆਰ।
ਜਾਪੇ ਉਤਰੀ ਹੂਰ ਹੈ ਅਰਸ਼ ਤੋਂ
ਸੋਹਣੀ ਸੂਰਤ ਬੇਸ਼ੁਮਾਰ।
ਰੰਗ ਲਾਲ ਹੈ ਦਮਕਾਂ ਮਾਰਦਾ
ਜਿਵੇਂ ਹੁੰਦੀ ਕਲੀ ਅਨਾਰ।
ਕਹਿੰਦੇ ਵਧ ਗੀ ਵਾਂਗੂੰ ਵੇਲ ਦੇ
ਹੋ ਗੀ ਦਿਨਾਂ ਦੇ ਵਿਚ ਮੁਟਿਆਰ।

ਘਰ ਵਿੰਝਲ ਦੇ ਪੁੱਤ ਜੰਮਿਆ
ਦਾਨਾਬਾਦ ਦਾ ਜੋ ਸਰਦਾਰ।

ਨਾ ਰੱਖਿਆ ਮਿਰਜ਼ਾ ਮਾਪਿਆਂ
ਉਹਨੂੰ ਰੂਪ ਦਿੱਤਾ ਕਰਤਾਰ।
ਜਿਵੇਂ ਹੜ੍ਹ ਆਇਆ ਦਰਿਆ ਵਗੇ
ਜੋਬਨ ਚੜ੍ਹਿਆ ਠਾਠਾਂ ਮਾਰ।
ਕਹਿੰਦੇ ਮਿਰਜ਼ਾ ਸਾਹਿਬਾਂ ਜਦ ਮਿਲੇ
ਫਿਰ ਅੱਖੀਆਂ ਹੋਈਆਂ ਚਾਰ।
ਦੋਨੋਂ ਇਕ ਦੂਜੇ ਵਿਚ ਗੁੰਮ ਗਏ
ਤੇ ਭੁੱਲਗੇ ਜੱਗ ਦੀ ਸਾਰ।

(ਜਦ ਸਾਹਿਬਾਂ, ਮਿਰਜ਼ੇ ਦੇ ਨਜ਼ਦੀਕ ਆਉਂਦੀ ਹੈ ਤਾਂ ਉਹ ਉਸਦਾ ਹੱਥ ਫੜ੍ਹ ਕੇ ਕੁਝ ਸਮਾਂ ਉਸ ਵੱਲ ਤੱਕਦਾ ਰਹਿੰਦਾ ਹੈ ਅਤੇ ਫਿਰ ਦੋਨੋਂ ਇਕ ਜਗ੍ਹਾ ਬੈਠ ਕੇ ਪਿਆਰਮਈ ਵਾਰਤਾਲਾਪ ਕਰਦੇ ਹਨ।)

**ਮਿਰਜ਼ਾ**

ਕੇਹਾ ਸੋਹਣਾ ਦਿਨ ਅੱਜ ਚੜ੍ਹਿਆ
ਧਰਤ ਨੂੰ ਚੜ੍ਹਿਆ ਚਾਅ।
ਨੀ
ਜਿੰਦੇ ਮੇਰੀਏ!
ਕੋਇਲ ਹੈ ਕੂਕਾਂ ਮਾਰਦੀ
ਜਿਉਂ ਬਿਰਹਣ ਰਹੀ ਕੋਈ ਗਾ।
ਨੀ
ਜਿੰਦੇ ਮੇਰੀਏ!
ਸੂਰਜ ਮੈਨੂੰ ਜਾਪਦਾ
ਹੈ ਤੇਰੇ ਮੁੱਖ ਜਿਹਾ।
ਨੀ
ਜਿੰਦੇ ਮੇਰੀਏ!
ਤੇਰੇ ਵਾਂਗਰ ਝੂਮ ਕੇ

ਹੈ ਚਲਦੀ ਠੰਡੀ ਵਾਅ।
ਨੀ
ਮੇਰੀਏ ਮਹਿਰਮੇ!
ਪੱਤੇ ਛਣਕਣ ਜਿਉਂ ਕੋਈ
ਝਾਂਜਰ ਰਹੀ ਛਣਕਾ।
ਨੀ
ਮੇਰੀਏ ਮਹਿਰਮੇ!
ਦਿਲ ਮੇਰੇ ਨੂੰ ਹਾਣਨੇ
ਕੀ ਹੁੰਦਾ ਜਾ ਰਿਹਾ।
ਨੀ
ਮੇਰੀਏ ਮਹਿਰਮੇ!

## ਸਾਹਿਬਾਂ

ਸੱਚ ਕਿਹਾ ਤੂੰ ਮਿਰਜ਼ਿਆ
ਰਿਹਾ ਦਿਨ ਨੂੰ ਹੈ ਕੁਝ ਹੋ।
ਵੇ
ਦਿਲ ਦੇ ਜਾਨੀਆਂ!
ਏਸ ਉਮਰ ਵਿੱਚ ਹਾਣੀਆਂ
ਸਦਾ ਪੈਣ ਕਲੇਜੇ ਖੋਹ।
ਵੇ
ਦਿਲ ਦੇ ਜਾਨੀਆਂ!

## ਮਿਰਜ਼ਾ

ਦੱਸੀਂ ਛੈਲ – ਛਬੀਲੀਏ
ਕਿਉਂ ਪੈਣ ਕਲੇਜੇ ਖੋਹ।
ਨੀ

ਜਿੰਦੇ ਮੇਰੀਏ!
ਤੇ ਇਹਨਾਂ ਠੰਡੇ ਹਉਕਿਆਂ
ਦਾ ਹੱਲ ਕੀ ਸਕਦਾ ਹੋ।
ਨੀ
ਜਿੰਦੇ ਮੇਰੀਏ!

## ਸਾਹਿਬਾਂ

ਜਦ ਕਿਸੇ ਨੂੰ ਹੋ ਜਾਏ
ਹੋਰ ਕਿਸੇ ਸੰਗ ਮੋਹ।
ਵੇ
ਮੇਰੇ ਹਾਣੀਆਂ!
ਅੰਗ ਮਾਣਨੀ ਚਾਂਹਵਦੇ
ਮੋਹ-ਖੋਰੇ ਅੰਗਾਂ ਦੀ ਛੋਹ।
ਵੇ
ਮੇਰੇ ਹਾਣੀਆਂ!
ਤਦ ਪੈਣ ਕਲੇਜੇ ਬੁੱਧੂਆ
ਵੇ ਮੱਲੋ ਜ਼ੋਰੀ ਖੋਹ।
ਵੇ
ਦਿਲ ਜਾਨੀਆਂ!

## ਮਿਰਜ਼ਾ

ਤੇਰੇ ਸਾਹਾਂ ਵਿਚੋਂ ਆਂਵਦੀ
ਹੈ ਸੰਦਲੀ ਜਿਹੀ ਖੁਸ਼ਬੋ।
ਨੀ
ਮੈਂ ਸੱਚ ਕਹਾਂ!
ਮੈਨੂੰ ਤੇਰੇ ਸੰਗ ਹੋ ਗਿਆ

ਪਿਆਰ ਹੁੰਦੈ ਜੋ।
ਨੀ
ਮੈਂ ਸੱਚ ਕਹਾਂ!

### ਸਾਹਿਬਾਂ

ਗੱਲ ਦਿਲੇ ਦੀ ਮਹਿਰਮਾ!
ਸਕੇ ਨਾ ਕੋਈ ਲਕੋਅ।
ਵੇ
ਮੈਂ ਸੱਚ ਆਖਦੀ!
ਉਹ ਤੂੰ ਪਹਿਲਾਂ ਕਹਿ ਗਿਆ
ਕਹਿਣਾ ਸੀ ਮੈਂ ਜੋ।
ਵੇ
ਮੈਂ ਸੱਚ ਆਖਦੀ!

### ਮਿਰਜ਼ਾ

ਮੈਂ ਸੁੱਤਾ ਹਾਂ ਕਿ ਜਾਗਦਾ
ਮੈਨੂੰ ਪਤਾ ਨਾ ਲੱਗ ਰਿਹਾ।
ਚੂੰਢੀ ਵੱਢ ਮੇਰੇ ਸਾਹਿਬਾਂ
ਮੇਰਾ ਮਾਸ ਹੈ ਸੁੰਨ ਜਿਹਾ।
ਮੈਨੂੰ ਇੰਜ ਹੈ ਜਾਪਦਾ
ਚੜ੍ਹ ਗਿਆ ਜਿਵੇਂ ਨਸ਼ਾ।
ਇਕ ਵਾਰ ਫੇਰ ਤੂੰ ਬੋਲਣਾ
ਜੋ ਸੀ ਹੁਣੇ ਕਿਹਾ।
ਮੈਨੂੰ ਇੰਜ ਜਾਪੇ ਜਿਉਂ
ਮੈਂ ਕੋਈ ਸੁਪਨਾ ਲਿਆ।

### ਸਾਹਿਬਾਂ

ਸੁਣ ਕੇ ਮਿਰਜ਼ਿਆ!
ਸੁਣ ਵੇ ਯਾਰਾ!!
ਸੁਪਨਾ ਨਹੀਂ ਇਹ ਸੱਚੀ ਗੱਲ ਹੈ।
ਮੇਰੇ ਦਿਲ ਦਰਿਆ ਦੇ ਅੰਦਰ
ਆਈ ਪਿਆਰਾਂ ਵਾਲੀ ਛੱਲ ਹੈ।
ਇਹ ਇੱਕ ਐਸੀ ਛੱਲ ਹੈ ਜਿਸਨੂੰ
ਹੁਣ ਲੱਗ ਸਕਦੀ ਨਾ ਕੋਈ ਠੱਲ ਹੈ।
ਤੇ ਇਹ ਛੱਲ
ਤੇਰੇ ਮੇਰੇ ਦਿਲ ਵਿੱਚ
ਪੈਂਦੇ ਹੋਏ ਖੋਹਾਂ ਦਾ ਹੱਲ ਹੈ।

### ਮਿਰਜ਼ਾ

ਚੰਨੀਏ ਨੀ!
ਮੇਰਾ ਜੀਅ ਕਰਦੈ
ਬੁੱਕਲ ਵਿਚ ਲਕੋ ਲਾਂ ਤੈਨੂੰ।
ਚੁੰਮ-ਚੁੰਮ ਕੇ ਮੁੱਖ ਲਾਲ ਕਰ ਦਿਆਂ
ਪੋਟਾ-ਪੋਟਾ ਟੋਹਲਾਂ ਤੈਨੂੰ।

### ਸਾਹਿਬਾਂ

ਸੁਣ ਵੇ ਚੰਨਾ!
ਜਦ ਕੋਈ ਨਾਰੀ
ਕਿਸੇ ਮਰਦ ਉੱਤੇ ਮਰਦੀ ਹੈ।
ਉਸ ਦੀ ਹਿੱਕੜੀ ਵਿਚ ਵੀ ਤੇਰੇ
ਵਾਂਗੂੰ ਹੁੰਦੀ ਅੱਗ ਬਲਦੀ ਹੈ।
ਅੱਗ ਦਾ ਸੇਕ ਜਦ ਸਿਰ ਨੂੰ ਚੜ੍ਹਦਾ

ਲੋਕ ਕਹਿਣ ਜੁਆਨੀ ਚੜ੍ਹਦੀ ਹੈ।
ਜੋਬਨ-ਰੁੱਤੇ ਹਰ ਕੋਈ ਨਾਰੀ
ਸੁਪਨ ਦੇਸ਼ ਵਿਚ ਜਾ ਵੜਦੀ ਹੈ।
ਸੋਚ ਉਹਦੀ ਹਰ ਪਲ ਤੇਰੇ ਜਿਹਾ
ਕੋਈ ਸੋਹਣਾ ਸੁਪਨਾ ਫੜ੍ਹਦੀ ਹੈ।
ਸੁਪਨੇ ਸੰਗ ਜਦ ਭੋਗ ਰਚਾਵੇ
ਤਾਂ ਫਿਰ ਉਸਦੀ ਹਿੱਕ ਠਰਦੀ ਹੈ।
ਤਨ, ਮਨ ਤੈਨੂੰ ਦਿੱਤਾ ਯਾਰਾ
ਕਰਲਾ ਜੋ ਤੇਰੀ ਮਰਜ਼ੀ ਹੈ।

(ਮਿਰਜ਼ਾ ਸਾਹਿਬਾਂ ਦਾ ਹੱਥ ਫੜ ਕੇ ਘੁੱਟ ਦਿੰਦਾ ਹੈ। ਅਲੜ੍ਹ ਉਮਰ, ਜੁਆਨੀ ਦਾ ਜੋਸ਼। ਇਕ ਦੂਜੇ ਵੱਲ ਇਉਂ ਤੱਕਦੇ ਨੇ ਜਿਵੇਂ ਘੁੱਟ ਭਰਨ ਨੂੰ ਜੀਅ ਕਰਦਾ ਹੋਵੇ।)

**ਮਿਰਜ਼ਾ**

ਪਾ ਕਸਮਾਂ ਪਾਕਿ-ਪ੍ਰੀਤ ਦੀਆਂ
ਆ ਚੰਨੀਏ!
ਅੱਜ ਵਾਅਦੇ ਕਰੀਏ
'ਕੱਠੇ ਡੁੱਬੀਏ, 'ਕੱਠੇ ਮਰੀਏ
ਜੀਵਨ ਭਰ ਦੇ ਲਈ ਅੱਜ ਸਾਹਿਬਾਂ
ਇਥ ਦੂਜੇ ਦਾ ਪੱਲਾ ਫੜੀਏ।

**ਸਾਹਿਬਾਂ**

ਸੁਣ ਵੇ ਸੱਜਣਾਂ!
ਜਦ ਕੋਈ ਨਾਰੀ
ਕਿਸੇ ਮਰਦ ਨੂੰ ਤਨ ਦਿੰਦੀ ਏ।

ਤਨ ਤੋਂ ਪਹਿਲਾਂ
ਉਸ ਨੂੰ ਆਪਣਾ ਮਨ ਦਿੰਦੀ ਏ।
ਤਨ ਮਨ ਜਿਸ ਨੂੰ ਦੇ ਦਿੰਦੀ ਏ,
ਉਸ ਦੇ ਨਾਲ ਨਿਭਾਉਂਦੀ ਵੀ ਏ।
ਲਾ ਕੇ ਸਿਰੇ ਚੜ੍ਹਾਉਂਦੀ ਵੀ ਏ।
ਕਰ ਕੇ ਕੌਲ ਪੁਗਾਉਂਦੀ ਵੀ ਏ।

## ਮਿਰਜ਼ਾ

ਸਾਹਿਬਾਂ!
ਤਨ ਤਾਂ ਕੰਜਰੀਆਂ ਵੀ
ਦੇ ਦਿੰਦੀਆਂ ਪੈਸੇ ਦੇ ਬਦਲੇ।
ਮਨ ਵੀ ਝੂਠੀ ਭਗਤੀ ਕਰ ਲਏ
ਡੱਡ ਖਾਣ ਲਈ ਵਾਂਗੂੰ ਬਗਲੇ।
ਪੈਸੇ ਦੇ ਲਈ ਨਵੇਂ ਗਾਹਕ ਦੇ
ਅੱਗੇ ਨਿੱਤ ਤਨ ਭੇਂਟ ਚੜ੍ਹਾਵਣ।
ਪਲ ਦੋ ਪਲ ਲਈ ਬੁੱਕਲ ਵਿੱਚ ਬਹਿ
ਉਸਦੀਆਂ ਹੀ ਉਹ ਬਣ ਜਾਵਣ।
ਪਰ ਉਹ ਜਦ ਬੂਹਾ ਟੱਪ ਜਾਵੇ
ਨਵੇਂ ਗਾਹਕ 'ਤੇ ਅੱਖ ਟਕਾਵਣ।
ਤੇ ਫਿਰ ਉਸਦੀ ਬੁੱਕਲੇ ਬਹਿ ਕੇ
ਤਨ ਨੂੰ ਉਸਦੀ ਭੇਂਟ ਚੜ੍ਹਾਵਣ।
ਤਨ ਤਾਂ ਜੁੜ ਸਕਦੇ ਨੇ ਅਨੇਕਾਂ
ਪਰ ਮੁਸ਼ਕਲ ਨਾਲ ਮਨ ਮਿਲਦੈ।
ਵਫ਼ਾ ਦਾ ਸੂਹਾ ਫੁੱਲ ਤਾਂ ਕਿਸੇ
ਭਾਗਾਂ ਵਾਲੇ ਘਰ ਖਿਲਦੈ।

(ਸਾਹਿਬਾਂ ਆਪਣਾ ਹੱਥ ਮਿਰਜ਼ੇ ਦੇ ਹੱਥ
ਵਿੱਚੋਂ ਕੱਢ ਲੈਂਦੀ ਹੈ।)

**ਸਾਹਿਬਾਂ**

'ਕੱਲਾ ਤੂੰ ਨਹੀਂ ਇਥੇ ਤਾਂ ਸਾਰਾ ਜੱਗ ਹੀ ਆਖਦਾ।
ਨਾਗਣ ਹੈ ਔਰਤ ਨਾ ਕਰੋ ਇਤਬਾਰ ਕਮਜ਼ਾਤ ਦਾ।
ਇਸ 'ਤੇ ਯਕੀਨ ਕਰਨ ਵਾਲਾ
ਇੱਕ ਦਿਨ ਹੋ ਕੇ ਰਹਿ ਜਾਏ ਖ਼ਾਕ ਦਾ।
ਔਰਤ ਦੇ ਵਿਚ ਕਾਮ ਤੋਂ ਅੱਗੇ
ਆਦਮ ਨੂੰ ਇੱਥੇ ਕੁਝ ਨਾ ਜਾਪਦਾ।

ਯਾਰਾ ਵੇ ! ਤੂੰ ਸ਼ੱਕੀ ਨਜ਼ਰਾਂ
ਸਾਡੇ ਉੱਤੇ ਟਿਕਾ ਨਾ ਤੋਬਾ।
ਪਿਆਰ ਤੇਰੇ ਵਿਚ ਮੋਏ ਹਾਂ ਅਸੀਂ
ਤਾਹਨੇ ਮਾਰ ਮੁਕਾ ਨਾ ਤੋਬਾ।
ਨਾ ਔਰਤ ਨਾਗਣ ਹੈ ਹੁੰਦੀ
ਨਾ ਔਰਤ ਕਮਜ਼ਾਤ।
ਐਵੇਂ ਲੋਕੀਂ ਬਕਦੇ ਪਏ ਨੇ
ਬੇਵਫ਼ਾ ਹੈ ਔਰਤ ਜ਼ਾਤ।
ਜੇ ਔਰਤ ਬੇਵਫ਼ਾ ਹੈ ਹੁੰਦੀ
ਰਸਮਾਂ ਦੀ ਸਤਾਈ ਹੁੰਦੀ।
ਜੇਕਰ ਔਰਤ ਕੰਜਰੀ ਬਣਦੀ
ਮਰਦਾਂ ਖੁਦ ਬਣਾਈ ਹੁੰਦੀ।
ਕਾਮ ਦੀ ਅੱਗ ਬੁਝਾਵਣ ਖਾਤਰ
ਦੇਵੀ ਖ਼ਾਕ ਰਲਾਈ ਹੁੰਦੀ।
ਔਰਤ ਹੁੰਦੀ ਪਿਆਰ ਦੀ ਭੁੱਖੀ

ਥੋਹੜੀ ਜਿਹੀ ਇਹਨੂੰ ਮਿਲੇ ਰਾਹਤ।
ਔਰਤ ਬਣ ਜਾਂਦੀ ਹੈ ਦੇਵੀ
ਜੇਕਰ ਇਹਦੀ ਬੁਝੇ ਪਿਆਸ।
ਨਹੀਂ ! ਨਹੀਂ ! ਔਰਤ ਨਹੀਂ ਮਾੜੀ।
ਇਹ ਤਾਂ ਧੁਰ ਤੋਂ ਕਰਮਾਂ ਮਾਰੀ।
ਰਸਮਾਂ ਦੇ ਪਾ ਪੈਰੀਂ ਸੰਗਲ
ਵਹਿਸ਼ੀ ਲੋਕਾਂ ਬੇਰਹਿਮੀ ਨਾਲ
ਗੰਦੇ ਪੈਰਾਂ ਹੇਠ ਲਿਤਾੜੀ।

**ਮਿਰਜ਼ਾ**

ਮੈਂ ਤਾਂ ਗੱਲ ਸਰਸਰੀ ਕੀਤੀ
ਪਰ ਤੂੰ ਦਿਲ 'ਤੇ ਲਾ ਲਈ ਚੰਨੀਏ !
ਮੈਂ ਮਨ ਦੀ ਮਹਿਰਮ ਪਲ ਵਿਚ ਆਪ ਰੁਸਾ ਲਈ ਚੰਨੀਏ !
(ਸਟੇਜ਼ ਦੇ ਪਿੱਛੇ ਕਿਸੇ ਦੇ ਪੈਰਾਂ ਦੀ ਖੜ੍ਹਖੜ੍ਹਾਹਟ ਹੁੰਦੀ ਹੈ।)

**ਸਾਹਿਬਾਂ**

ਚੰਨਾ ! ਇੰਜ ਹੈ ਜਾਪਦਾ
ਜਿਉਂ ਕੋਈ ਆ ਰਿਹਾ।

**ਮਿਰਜ਼ਾ**

ਹਾਂ ਸੱਜਣੀ ! ਤੂੰ ਠੀਕ ਕਿਹਾ
ਰਿਹਾ ਹੈ ਕੋਈ ਆ।

(ਦੋਨੋਂ ਜਣੇ ਉਥੋਂ ਉਠਕੇ, ਸਟੇਜ਼ ਦੇ ਉਸ ਪਾਸੇ ਵੱਲ ਤੁਰ ਪੈਂਦੇ ਹਨ, ਜਿਸ ਪਾਸਿਓਂ ਉਹਨਾਂ ਨੇ ਸਟੇਜ਼ ਉਪਰ ਪ੍ਰਵੇਸ਼ ਕੀਤਾ ਸੀ।)

**ਪਰਦਾ ਡਿੱਗਦਾ ਹੈ** ..................

# ਸਾਹਿਬਾਂ
## (ਦੂਜਾ ਅੰਕ)

ਇੱਥੇ ਕੋਈ ਨਾ ਕਿਸੇ ਨੂੰ ਪਿਆਰ ਕਰਦਾ,
ਇੱਥੇ ਕੋਈ ਨਾ ਕਿਸੇ ਦਾ ਯਾਰ ਲੋਕੋ !
ਪ੍ਰੀਤ ਖੇਡ ਹੈ ਗੋਰਿਆਂ ਪਿੰਡਿਆਂ ਦੀ,
ਇਸ ਤੋਂ ਅੱਗੇ ਨਾ ਕਿਸੇ ਨੂੰ ਸਾਰ ਲੋਕੋ !

ਪਰਦਾ ਉੱਠਦਾ ਹੈ ..............

ਸ਼ਾਮ ਦਾ ਸਮਾਂ।

(ਝੰਗ ਸਿਆਲ ਤੋਂ ਬਾਹਰ ਇੱਕ ਖ਼ੂਹ ਦੇ ਨਜ਼ਦੀਕ, ਮਿਰਜ਼ਾ ਆਪਣੇ ਯਾਰ ਕਰਮੂ ਨਾਲ ਬੈਠਾ ਗੱਲਾਂ ਕਰ ਰਿਹੈ।)

**ਮਿਰਜ਼ਾ**

ਆ ਯਾਰ ਮੈਂ ਤੈਨੂੰ ਇਕ ਗੱਲ ਦੱਸਾਂ,
ਜੋ ਨਾ ਦਿਲ ਦੇ ਵਿਚ ਲਕੋ ਸਕਦਾ।
ਖ਼ੁਸ਼ੀ ਗਿੱਠ-ਗਿੱਠ ਚੜ੍ਹੀ ਹੈ ਦਿਲ ਅੰਦਰ,
ਦਿਲ ਅੰਦਰ ਨਾ ਹੁਣ ਸਮੋ ਸਕਦਾ।
ਮੈਂ ਤਾਂ ਸਮਝਦਾ ਸਾਂ ਬਦਨਸੀਬ ਹਾਂ ਮੈਂ,
ਭਾਗਾਂ ਵਾਲਾ ਨਾ ਮੇਰੇ ਜੇਡ ਹੋ ਸਕਦਾ।
ਮੈਂ ਚਾਂਦਨੀ ਸੰਗ ਅੱਜ ਨਾਹ ਆਇਆ,
ਜੀਹਨੂੰ ਹੋਰ ਨਾ ਕੋਈ ਵੀ ਛੋਹ ਸਕਦਾ।

**ਕਰਮੂ**

ਕਿਹੜੀ ਗੱਲ ਦਾ ਚੜ੍ਹਿਆ ਨਸ਼ਾ ਤੈਨੂੰ,
ਕੁਝ ਅਸਾਂ ਨੂੰ ਮੂੰਹੋਂ ਦੱਸ ਖਾਂ ਯਾਰ।
ਇੰਜ ਲੱਗਦੈ ਤੈਨੂੰ ਮਿਲ ਗਿਆ ਜਿਉਂ,
ਕਿਸੇ ਛਮਕ ਛੱਲੋ ਤੋਂ ਰੱਜਵਾਂ ਪਿਆਰ।

## ਮਿਰਜ਼ਾ

ਮੈਨੂੰ ਮਿਲ ਗਿਆ ਸੁਪਨਾ ਦੋਸਤਾ ਉਹ,
ਜੋ ਚਿਰਾਂ ਦੇ ਖ਼ੁਦਾ ਤੋਂ ਮੰਗਦੇ ਸੀ।
ਟੂਣੇਹਾਰੇ ਮਮੋਲੜੇ ਨੈਣ ਜੀਹਦੇ,
ਰਾਹੇ ਜਾਂਦਿਆਂ ਦੀ ਜਿੰਦ ਮੰਗਦੇ ਸੀ।
ਨੱਕ ਉਸਦਾ ਤਿੱਖਾ ਤਲਵਾਰ ਵਰਗਾ,
ਤੇ ਸੇਹਲੀਆਂ ਵਾਂਗ ਤਰੰਗ ਦੇ ਸੀ।
ਡੁੱਬਜਾਣੀ ਦੇ ਬੁੱਲ੍ਹਾਂ 'ਚੋਂ ਬੋਲ ਨਿਕਲੇ,
ਹੁੰਦੇ ਮਿੱਠੜੇ ਵਾਂਗ ਗੁਲਕੰਦ ਦੇ ਸੀ।
ਮੱਥਾ ਚਮਕਦਾ ਵਾਂਗ ਸੀ ਸੂਰਜੇ ਦੇ,
ਤੇ ਹੋਂਠ ਉਨਾਬੀ ਰੰਗ ਦੇ ਸੀ।
ਧੌਣ ਲੰਮੀ ਤੇ ਪਤਲੀ ਕੂੰਜ ਵਰਗੀ,
ਪਾਣੀ ਦਿਸਦੇ ਵਿਚੋਂ ਦੀ ਲੰਘਦੇ ਸੀ।
ਉਹਦੇ ਨੈਣਾਂ ਨੂੰ ਤੱਕ ਲੈਂਦੇ ਸਨ ਜੋ,
ਹੋ ਜਾਂਦੇ ਨਸ਼ਈ ਬਿਨਾਂ ਭੰਗ ਦੇ ਸੀ।
ਜੋਬਨ-ਮੱਤੀ ਜਦੋਂ ਲੰਘੇ ਗਲੀ ਵਿਚੋਂ
ਬਿਨਾਂ ਖੰਘ ਤੋਂ ਗੱਭਰੂ ਖੰਘਦੇ ਸੀ।
ਦਿਨ ਵਾਂਗ ਨਿਖਰੀ ਜਦੋਂ ਜਾਏ ਬਾਗ਼ੀਂ,
ਹੁਸਨ ਵੇਖ ਕੇ ਮੋਰ ਵੀ ਸੰਗਦੇ ਸੀ।

## ਕਰਮੂ

ਕਿਹੜੀ ਕੁੜੀ ਸੀ ਵਸੀ ਤੇਰੇ ਸੁਪਨਿਆਂ ਵਿੱਚ,
ਮੈਂ ਬੁੱਝ ਲਿਆ, ਬੁੱਝ ਲਿਆ ਦੋਸਤਾ ਉਏ!
ਮਾਣ ਮੱਤੀ ਸਿਆਲਾਂ ਦੀ ਨੱਢੜੀ ਨੂੰ,
ਤੂੰ ਠੱਗ ਲਿਆ, ਠੱਗ ਲਿਆ ਦੋਸਤਾ ਉਏ!
(ਮਿਰਜ਼ਾ ਹੈਰਾਨ ਜਿਹਾ ਹੋ ਕੇ ਕਰਮੂ ਵੱਲ ਵੇਖਦਾ ਹੈ)

**ਮਿਰਜ਼ਾ**

ਯਾਰ ਕਰਮੂ ਮੈਨੂੰ ਤਾਂ ਸ਼ੱਕ ਪੈਂਦਾ,
ਕਿਤੇ ਤੂੰ ਕੋਈ ਜਾਦੂਗਰ ਤਾਂ ਨਹੀਂ।
ਮੇਰੇ ਸੁਪਨੇ 'ਚੋਂ ਸਾਹਿਬਾਂ ਤੂੰ ਲੱਭ ਲਈ,
ਵਿੱਚ ਬੋਲਦਾ ਪੀਰ ਤੇਰੇ ਵੜ ਤਾਂ ਨਹੀਂ।

**ਕਰਮੂ**

ਨਾ ਮੇਰੇ 'ਚ ਬੋਲਦਾ ਪੀਰ ਕੋਈ,
ਤੇ ਨਾ ਮੈਂ ਜਾਦੂਗਰ ਸੁਲੇਮਾਨ ਬੇਲੀ।
ਜਿਸ ਸਿਰਜਿਆ ਇਸ ਸ੍ਰਿਸ਼ਟੀ ਨੂੰ,
ਨਾ ਮੈਂ ਕਹਾਂ ਮੈਂ ਉਹ ਭਗਵਾਨ ਬੇਲੀ।
ਨਾ ਹੀ ਮੇਰੜੇ ਜਿਸਮ ਦੀ ਗੁਫ਼ਾ ਅੰਦਰ,
ਆ ਕੇ ਰਹਿੰਵਦਾ ਕੋਈ ਸ਼ੈਤਾਨ ਬੇਲੀ।
ਉਸ ਰੱਬ ਦੀ ਰਜ਼ਾ ਵਿਚ ਰਹਿਣ ਵਾਲਾ,
ਮੈਂ ਤਾਂ ਹਾਂ ਨਿਮਾਣਾ ਇਨਸਾਨ ਬੇਲੀ।
ਪਰ ਇਸਦੀ ਖ਼ਬਰ ਹੈ, ਬੇਖ਼ਬਰ ਨਹੀਂ,
ਕੀ ਕੁਝ ਹੁੰਦੈ ਵਿਚ ਜਹਾਨ ਬੇਲੀ।
ਨੱਢੀ ਇੱਕੋ ਹੈ ਝੰਗ ਦੇ ਵਿਚ ਸਾਹਿਬਾਂ,
ਤੇਰੇ ਸੁਪਨਿਓਂ ਲਈ ਪਹਿਚਾਣ ਬੇਲੀ।
ਰੂਪਵਤੀਆਂ ਇਥੇ ਹੋਰ ਵੀ ਕਈ,
ਪਰ ਸਾਹਿਬਾਂ 'ਤੇ ਝੰਗ ਨੂੰ ਮਾਣ ਬੇਲੀ।
ਮੈਂ ਤਾਂ ਸੋਚਦਾਂ ਨਖਰੇਲੋ ਮੁਟਿਆਰ,
ਕਿਵੇਂ ਟੇਟੇ ਚੜ੍ਹੀ ਤੇਰੇ ਆਣ ਬੇਲੀ।
ਫਿਰ ਸੋਚਾਂ ਸਿਆਲਾਂ ਦੀ ਨੱਢੜੀ ਤੋਂ,
ਘੱਟ ਸੋਹਣਾ ਨਹੀਂ ਮੇਰਾ ਜੁਆਨ ਬੇਲੀ।

ਤਿੱਖਾ ਨੱਕ, ਗੋਰਾ ਰੰਗ ਤੇ ਸਰੀਰ ਗੁੰਦਵਾਂ,
ਕੱਦ ਵਧਿਆ ਸਰੂ ਸਮਾਨ ਬੇਲੀ।

**ਮਿਰਜ਼ਾ**

ਪੂਜਾ ਚਿਰਾਂ ਤੋਂ ਕਰੀ ਉਸ ਨੱਢੜੀ ਦੀ,
ਖ਼ੂਨ ਦਿਲ ਦਾ ਅਸਾਂ ਨੇ ਬਾਲਿਆ ਏ।
ਅੱਜ ਜਦ ਉਹ ਮੇਰੜੀ ਹੋ ਗਈ ਹੈ,
ਮੈਨੂੰ ਲੱਗਦਾ ਖ਼ੁਦਾ ਮੈਂ ਪਾ ਲਿਆ ਏ।

**ਕਰਮੂ**

ਠੀਕ ਆਖਿਆ ਭਾਗਾਂ ਵਾਲਿਆ ਤੂੰ,
ਜਦ ਕਿਸੇ ਨੂੰ ਕਿਸੇ ਤੋਂ ਪਿਆਰ ਮਿਲਦਾ।
ਉਹ ਰੂਪ ਖ਼ੁਦਾ ਦਾ ਹੀ ਦਿਸਦਾ
ਜਦ ਸੱਜਣ ਹੈ ਕੋਈ ਵਫ਼ਾਦਾਰ ਮਿਲਦਾ।
ਮੋਤੀ ਪਿਛਲੇ ਜਨਮ ਵਿਚ ਪੁੰਨ ਕੀਤੇ,
ਜਿਨ੍ਹਾਂ ਲੋਕਾਂ ਨੂੰ ਕਿਸੇ ਤੋਂ ਪਿਆਰ ਮਿਲਦਾ।
ਪਿਆਰ ਮਿਲਦਾ ਨਸੀਬਾਂ ਵਾਲਿਆਂ ਨੂੰ,
ਇਹ ਨਾ ਹੱਟੀਓਂ ਨਕਦ ਉਧਾਰ ਮਿਲਦਾ।
ਜਿਹੜੇ 'ਕੱਲੇ ਜੀਉਣ ਇਸ ਧਰਤੀ 'ਤੇ,
ਉਹਨਾਂ ਪਿਛਲੇ ਜਨਮ ਵਿਚ ਪਾਪ ਕੀਤੇ।
ਉਹਦਾ ਜੀਉਣਾ ਹੀ ਮਰਨ ਬਰਾਬਰ ਹੈ,
ਜੀਹਨੇ ਸੱਜਣਾਂ ਦੇ ਨਾ ਸਾਥ ਕੀਤੇ।

(ਸਟੇਜ਼ ਦੇ ਪਿਛਲੇ ਪਾਸਿਓਂ, ਕਿਸੇ ਦੇ ਫ਼ਕੀਰਾਨਾ ਅੰਦਾਜ਼ ਵਿਚ, ਮੱਧਮ ਆਵਾਜ਼ ਵਿਚ ਗਾਉਣ ਦੀ ਧੁਨ ਸੁਣਾਈ ਦਿੰਦੀ ਹੈ।)

## ਮਿਰਜ਼ਾ

ਉਹ ਰੋਂਦਿਆਂ ਵਾਂਗਰਾਂ ਯਾਰ ਕਰਮੂ,
ਕੋਈ ਖੂਹ ਵੱਲੀਂ ਗਾਉਂਦਾ ਆ ਰਿਹੈ।
ਕੋਇਲ ਵਾਂਗਰਾਂ ਕੂਕਦਾ ਜਿਵੇਂ ਇਸ ਸੰਗ,
ਇਹਦਾ ਯਾਰ ਕੋਈ ਦਗ਼ਾ ਕਮਾ ਗਿਐ।
ਪੱਤਝੜ ਦੀ ਬੁਲਬੁਲ ਵਾਂਗ ਰੋ ਕੇ,
ਮੇਰੇ ਦਿਲ 'ਤੇ ਤੀਰ ਚਲਾ ਰਿਹੈ।
'ਕੁੰਭਕਰਨ' ਦੇ ਵਾਂਗਰਾਂ ਘੂਕ ਸੁੱਤੀ,
ਕਾਲੀ ਰਾਤ ਨੂੰ ਇਹ ਜਗਾ ਰਿਹੈ।

## ਕਰਮੂ

ਕੂਕਾਂ ਮਾਰਦਾ, ਗਾਂਵਦਾ, ਆਂਵਦਾ ਜੋ,
ਇਹ ਬੁੱਢਾ ਫ਼ਕੀਰ ਝੰਗ ਸਿਆਲ ਦਾ ਏ।
ਇਹਦੇ ਬੋਲ ਚੀਰ ਦੇਣ ਪੱਥਰਾਂ ਨੂੰ,
ਜਦ ਲੰਮੀ ਕੋਈ ਹੇਕ ਨਿਕਾਲਦਾ ਏ।
ਲੰਮਾ-ਲੰਙਾਂ, ਤਿੱਖੇ ਨਕਸ਼ ਫ਼ਕੀਰ ਇਹੇ,
ਪੱਟਿਆ ਏਸੇ ਹੀ ਝੰਗ ਸਿਆਲ ਦਾ ਏ।
ਦਿਲ ਲੈ ਕੇ ਦਗ਼ਾ ਦੇ ਗਈ ਕੋਈ,
ਫਿਰਦਾ ਉਸ ਦੀਆਂ ਪੈੜਾਂ ਭਾਲਦਾ ਏ।
ਲੋਕੀਂ ਏਸ ਨੂੰ ਪਾਗ਼ਲ ਆਖਦੇ ਨੇ,
ਸੂਝਵਾਨ ਨਾ ਕੋਈ ਇਹਦੇ ਨਾਲ ਦਾ ਏ।

ਬੇਵਫ਼ਾ ਮਹਿਬੂਬ ਦੇ ਗ਼ਮ ਅੰਦਰ,
ਇਹ ਫ਼ਕੀਰ ਹੈ ਬਣਿਆਂ ਸ਼ਾਇਰ ਯਾਰਾ।
ਇਹਦੇ ਮੂੰਹ 'ਚੋਂ ਇੰਜ ਨੇ ਗੀਤ ਫੁੱਟਦੇ,
ਜਿਵੇਂ 'ਸ਼ਿਵ ਜੀ' ਦੇ ਸਿਰ 'ਤੋਂ ਗੰਗਾ ਧਾਰਾ।

ਜਦ ਸੁੰਨੀਆਂ ਰਾਤਾਂ ਵਿਚ ਇਹ ਗਾਉਂਦਾ,
ਕੰਬ ਜਾਣ ਕੰਧਾਂ, ਰੋਏ ਜੱਗ ਸਾਰਾ।
ਮੁੜ ਲੱਭਿਆ ਨਾ ਇਹਦੇ ਗੀਤਾਂ ਨੂੰ,
ਇੱਕ ਵਾਰ ਗੁਆਚਿਆ ਯਾਰ ਪਿਆਰਾ।

(ਸਟੇਜ਼ ਦੇ ਪਿਛਲੇ ਪਾਸਿਓਂ ਗਾਉਂਦੇ ਫ਼ਕੀਰ ਸ਼ਾਇਰ ਦੀ ਆਵਾਜ਼ ਪੂਰੀ ਸੁਣਾਈ ਦੇਣ ਲੱਗ ਪੈਂਦੀ ਹੈ ਅਤੇ ਮਿਰਜ਼ਾ ਤੇ ਕਰਮੂ ਉਸਦੇ ਦਰਦ ਭਰੇ ਬੋਲਾਂ ਨੂੰ ਧਿਆਨ ਨਾਲ ਸੁਣਦੇ ਹਨ.........)

ਇੱਥੇ ਕੋਈ ਨਾ ਕਿਸੇ ਨੂੰ ਪਿਆਰ ਕਰਦਾ,
ਇੱਥੇ ਕੋਈ ਨਾ ਕਿਸੇ ਦਾ ਯਾਰ ਲੋਕੋ!
ਪਿਆਰ ਖੇਡ ਹੈ ਗੋਰਿਆਂ ਪਿੰਡਿਆਂ ਦੀ,
ਇਸ ਤੋਂ ਅੱਗੇ ਨਾ ਕਿਸੇ ਨੂੰ ਸਾਰ ਲੋਕੋ!
ਹਰ ਰਿਸ਼ਤਾ ਹੈ ਇਕ ਲੋੜ ਹੁੰਦਾ,
ਕਰੇ ਲੋੜ ਤੋਂ ਕਉਣ ਇਨਕਾਰ ਲੋਕੋ!
ਲੋੜ ਪੂਰੀ ਜੇ ਕਰਨ ਦੀ ਪਹੁੰਚ ਹੈ ਨਹੀਂ,
ਛੱਡ ਜਾਂਵਦੇ ਜੁੰਡੀ ਦੇ ਯਾਰ ਲੋਕੋ!
ਸਦਾ ਨਹੀਂ ਰਹਿੰਦੀ ਰੁੱਤ ਜੋਬਨੇ ਦੀ,
ਸਦਾ ਰਹੇ ਨਾ ਐਸ਼ ਬਹਾਰ ਲੋਕੋ!
ਏਥੇ ਚਾਂਦੀ ਦੇ ਟਕੇ ਪ੍ਰੀਤ ਦਾ ਨਾਂ
ਸਭ ਪੈਸਿਆਂ ਦੇ ਨੇ ਯਾਰ ਲੋਕੋ!

ਕੁੱਲੀਆਂ ਵਾਲਿਆਂ ਦਾ ਕਦੇ ਨਿਭਦਾ ਨਾ,
ਮਹਿਲਾਂ ਵਾਲਿਆਂ ਸੰਗ ਪਿਆਰ ਲੋਕੋ!
ਰੰਨਾਂ ਦੂਸਰਾ ਰੂਪ ਹੈ ਸਪਣੀ ਦਾ,
ਕਦੇ ਕਰੋ ਨਾ ਇਹਨਾਂ ਨੂੰ ਪਿਆਰ ਲੋਕੋ!

ਕੋਈ ਔਲੀਆ, ਪੈਗੰਬਰ ਵੀ ਬਚਿਆ ਨਾ,
ਡੰਗ ਇਹਨਾਂ ਨੇ ਦਿੱਤਾ ਜੀਹਨੂੰ ਮਾਰ ਲੋਕੋ !
ਕਦੇ ਲਾ ਕੇ ਨਾ ਤੋੜ ਚੜ੍ਹਾਂਵਦੀ ਏ,
ਬੇਵਫ਼ਾ ਹੈ ਮੁੱਢ ਤੋਂ ਨਾਰ ਲੋਕੋ !
ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਤਾਈਂ,
ਦੇਵੋ ਦਿਲਾਂ ਦੇ ਅੰਦਰੋਂ ਮਾਰ ਲੋਕੋ !
ਕਰੋ ਬੰਦਗੀ ਸਦਾ ਅੱਲਾ ਪਾਕਿ ਦੀ ਹੀ,
ਬਾਕੀ ਕੂੜ ਹੈ ਸਭ ਸੰਸਾਰ ਲੋਕੋ !

ਇਥੇ ਭਾਈਆਂ ਨੂੰ ਭਾਈ ਵੱਢ ਦਿੰਦੇ,
ਅੱਖਾਂ ਰੋਂਦੀਆਂ ਜ਼ਾਰੋ-ਜ਼ਾਰ ਲੋਕੋ !
ਉਹਦੀ 'ਨਾਂਹ' ਵਿੱਚ ਵੀ ਇਕ 'ਹਾਂ' ਹੁੰਦੀ,
'ਨਾਂਹ' ਹੱਸ ਕੇ ਕਰੇ ਜੇ ਨਾਰ ਲੋਕੋ !
ਦੋ ਟੁਕੜਿਆਂ ਬਦਲੇ ਵਿਕਦੀਆਂ ਨੇ,
ਇੱਥੇ ਇੱਜ਼ਤਾਂ ਸ਼ਰ੍ਹੇ ਬਜ਼ਾਰ ਲੋਕੋ !
ਇਥੇ ਪੈਲੀਆਂ ਖਾਂਦੀਆਂ ਬੂਟਿਆਂ ਨੂੰ,
ਤੇ ਯਾਰ ਨੂੰ ਮਾਰਦਾ ਯਾਰ ਲੋਕੋ !
ਇੱਕ ਆਏਗਾ ਭੂਚਾਲ ਇਸ ਧਰਤੀ 'ਤੇ,
ਖੜ੍ਹੇ ਰਹਿਣੇ ਨਾ ਮਹਿਲ ਮੀਨਾਰ ਲੋਕੋ !
ਕੋਈ ਉੱਠੋ ਸਮੇਂ ਦਿਆਂ ਨਕਸ਼ਾਂ ਨੂੰ,
ਧੱਬੇ ਲ੍ਹਾਕੇ ਦਿਓ ਨਿਖਾਰ ਲੋਕੋ !

(ਫ਼ਕੀਰ ਸ਼ਾਇਰ ਦੀ ਆਵਾਜ਼ ਹੌਲੀ-ਹੌਲੀ ਮੱਧਮ ਹੁੰਦੀ ਹੋਈ ਸੁਣਨੋ ਬੰਦ ਹੋ ਜਾਂਦੀ ਹੈ।)

**ਮਿਰਜ਼ਾ**

ਸਮਾਂ ਬਹੁਤ ਹੈ ਹੋ ਗਿਆ,
ਸੂਰਜ ਗਿਆ ਹੈ ਢਲ।
ਆ ਦਿਲ ਵਰਗਿਆ ਮਿੱਤਰਾ !
ਚੱਲੀਏ ਪਿੰਡ ਦੇ ਵੱਲ।

(ਕਰਮੂ ਤੇ ਮਿਰਜ਼ਾ ਖੂਹ ਕੋਲੋਂ ਉੱਠ ਕੇ ਝੰਗ ਸਿਆਲ ਵੱਲ ਤੁਰ ਪੈਂਦੇ ਹਨ।)

**ਪਰਦਾ ਡਿੱਗਦਾ ਹੈ** ..............

# ਸਾਹਿਬਾਂ
## (ਤੀਜਾ ਅੰਕ)

ਮਾਏ ਨੀ !
ਮਿਰਜ਼ੇ ਦਾ ਚੁੰਮਣ
ਮੇਰੇ ਲਈ ਮੱਕੇ ਦਾ ਹੱਜ਼ ਹੈ।
ਜੇਕਰ ਕੋਈ ਰੱਬ ਹੁੰਦੈ
ਮੇਰੇ ਲਈ ਮਿਰਜ਼ਾ ਹੀ ਰੱਬ ਹੈ।

(ਸਟੇਜ਼ ਦੇ ਪਿਛਲੇ ਪਾਸਿਓਂ ਆਵਾਜ਼ ਆਉਂਦੀ ਹੈ : ਇਸ਼ਕ ਤੇ ਮੁਸ਼ਕ ਕਦੇ ਗੁੱਝੇ ਨਹੀਂ ਰਹਿੰਦੇ। ਹੌਲੀ-ਹੌਲੀ ਮਿਰਜ਼ੇ ਤੇ ਸਾਹਿਬਾਂ ਦੇ ਇਸ਼ਕ ਦੀ ਗੱਲ ਸਾਰੇ ਪਿੰਡ ਵਿਚ ਉੱਡ ਗਈ। ਪਿੰਡ ਦੇ ਚੌਧਰੀ ਕਿਸੇ ਨੂੰ ਮੂੰਹ ਵਿਖਾਉਣ ਜੋਗੇ ਨਾ ਰਹੇ।)

**ਪਰਦਾ ਉੱਠਦਾ ਹੈ ................**

**ਦੁਪਹਿਰ ਦਾ ਸਮਾਂ**

(ਘਰ ਦੇ ਇਕ ਕਮਰੇ ਵਿਚ ਮੰਜੇ ਉੱਤੇ ਬੈਠੀ ਸਾਹਿਬਾਂ ਦੀ ਮਾਂ ਸਲਮੀ, ਸਾਹਮਣੇ ਪੀੜ੍ਹੀ ਉੱਤੇ ਬੈਠੀ ਸਾਹਿਬਾਂ ਨੂੰ ਕੋਸਦੀ ਹੈ।)

**ਸਲਮੀ**

ਸੁਣ ਨੀ ਸਾਹਿਬਾਂ
ਇਸ਼ਕਾਂ ਪੱਟੀਏ
ਕਲਮੂੰਹੀਏਂ ਕੀ ਕਹਿਰ ਕਮਾਇਆ।
ਆਪਣੇ ਪਿਉ ਦੀ ਚਿੱਟੀ ਪੱਗ ਨੂੰ
ਜੱਗ ਦੇ ਪੈਰਾਂ ਹੇਠ ਰੁਲਾਇਆ।
ਮੇਰੀ ਪਾਕਿ-ਪਵਿੱਤਰ ਕੁੱਖ 'ਤੇ
ਨਿੱਜ ਹੋਈਏ ਦਾਗ਼ ਹੈ ਲਾਇਆ।
ਸ਼ਰਮ ਦੇ ਮਾਰਿਆਂ ਸਾਡੇ ਤੋਂ ਨਾ
ਜਾਵੇ ਕਿਸੇ ਨੂੰ ਮੂੰਹ ਵਖਾਇਆ।
ਸਾਰੇ ਪਿੰਡ ਵਿਚ ਗੱਲ ਫੈਲ ਗਈ
ਤੇਰੇ ਚਾਹੜੇ ਹੋਏ ਚੰਦ ਦੀ।

ਮੇਰੇ 'ਤੇ ਹੱਸਦੇ ਨੇ ਲੋਕੀਂ
ਜਿਸ ਗਲੀ ਵਿੱਚ ਦੀ ਮੈਂ ਲੰਘਦੀ।
ਹਿੱਕ ਫੈਲਾ ਕੇ ਗਲੀਆਂ ਵਿਚੋਂ
ਕਿੰਜ ਲੰਘੇਗਾ ਵੀਰਾ ਤੇਰਾ।
ਸੱਥ ਵਿਚ ਬਹਿ ਕੇ ਬੋਲਣ ਦਾ ਕਿਵੇਂ
ਪਿਉ ਤੇਰਾ ਕਰਲੂਗਾ ਜੇਰਾ।
ਸਾਹਿਬਾਂ ਨੀ!
ਤੂੰ ਪਾਪ ਕਮਾਇਆ, ਪਾਪ ਕਮਾਇਆ
ਆਪਣੀ ਕੁਲ ਦੇ ਮੱਥੇ ਉੱਤੇ
ਅਣਮਿਟਣਾ ਤੂੰ ਧੱਬਾ ਲਾਇਆ।

**ਸਾਹਿਬਾਂ**

ਹਾੜ੍ਹਾ ਈ!
ਤੂੰ ਇਸ਼ਕ ਮੇਰੇ ਨੂੰ
ਪਾਪ ਆਖ ਨਾ ਮਾਏ ਨੀ!!
ਇਸ਼ਕ ਨੂੰ ਕਲੰਕ ਨਾ ਕਹਿ
ਇਹ ਤਾਂ ਰੂਪ ਖ਼ੁਦਾਇ ਨੀ!
ਮਿਰਜ਼ੇ ਤੋਂ ਨਾ ਮੁੱਖ ਭੁਆਵਾਂ
ਜਾਨ ਵੀ ਚਾਹੇ ਜਾਏ ਨੀ!

ਮਾਏ ਨੀ!
ਮਿਰਜ਼ੇ ਦਾ ਚੁੰਮਣ
ਮੇਰੇ ਲਈ ਮੱਕੇ ਦਾ ਹੱਜ਼ ਹੈ।
ਜੇਕਰ ਕੋਈ ਰੱਬ ਹੁੰਦੈ
ਮੇਰੇ ਲਈ ਮਿਰਜ਼ਾ ਹੀ ਰੱਬ ਹੈ।
ਇਸ਼ਕ ਗੁਨਾਹ ਹੈ,

ਇਸ਼ਕ ਪਾਪ ਹੈ,
ਐਵੇਂ ਝੱਖ ਮਾਰਦਾ ਜੱਗ ਹੈ।
ਆਪਣੀ ਲਾਡਲੀ ਧੀ ਦੇ ਪਰਦੇ
ਹਰ ਇੱਕ ਮਾਤਾ ਦਿੰਦੀ ਕੱਜ ਹੈ।
ਪਰ ਤੂੰ ਕੇਹੀ ਮਾਂ ਜਿਸ ਨੇ ਮੈਨੂੰ
ਛੱਜ 'ਚ ਪਾ ਕੇ ਛੱਟਿਆ ਅੱਜ ਹੈ।

## ਸਲਮੀ

ਚੰਦਰੀਏ!
ਤੈਨੂੰ ਸ਼ਰਮ ਨਾ ਆਵੇ,
ਆਰੇ ਵਾਂਗੂ ਜੀਭ ਚਲਾਵੇਂ।
ਚੰਗੀ ਹੋਵੇਂ ਤਾਂ ਤੂੰ ਚੱਪਣੀ
ਵਿਚ ਨੱਕ ਡੋਬ ਮਰ ਜਾਵੇਂ।
ਪਰ ਬੇਸ਼ਰਮੇ ਤੂੰ ਕੇਹੀ ਧੀ
ਭੋਰਾ ਵੀ ਜੋ ਸ਼ਰਮ ਨਾ ਖਾਵੇਂ।
ਚੁੰਮਣਾ ਨੂੰ ਦੇ ਹੱਜ਼ ਦਾ ਦਰਜ਼ਾ
ਅਪਣੇ ਸਿਰ ਤੂੰ ਪਾਪ ਚੜ੍ਹਾਵੇਂ।

## ਸਾਹਿਬਾਂ

ਸੁਣ ਨੀ ਮਾਏ!
ਤੇਰੇ 'ਤੇ ਵੀ
ਕਦੇ ਜਵਾਨੀ ਆਈ ਹੋਣੀ।
ਉਮਰਾਂ ਦੀ ਚੜ੍ਹਦੀ ਜਿਹੀ ਰੁੱਤੇ
ਤੂੰ ਵੀ ਪ੍ਰੀਤ ਹੰਢਾਈ ਹੋਣੀ।

ਅੰਮੀਏ ਨੀ!

ਬਾਬਲ ਦੇ ਵਿਹੜੇ
ਤੂੰ ਵੀ ਸੁਪਨੇ ਲਏ ਹੋਣਗੇ।
ਉਹਨਾਂ ਸੁਪਨਿਆਂ ਦੇ ਅੰਦਰ
ਪਲੰਘ ਰੰਗੀਲੇ ਡਹੇ ਹੋਣਗੇ।
ਇਕ ਪਲੰਘ 'ਤੇ ਸੋਨ-ਸੁਨੱਖੇ
ਪਤੀ ਦੇਵ ਤੇਰੇ ਪਏ ਹੋਣਗੇ।

ਜਦ ਕਿਸੇ
ਔਰਤ ਦੇ ਉੱਤੇ
ਰੁੱਤ ਜੋਬਨ ਦੀ ਆਈ ਹੋਵੇ।
ਓਸਦੀਆਂ ਅੱਖੀਆਂ ਦੇ ਅੰਦਰ
ਸੁਪਨ ਦੁਨੀਆਂ ਛਾਈ ਹੋਵੇ।
ਅਣਦੇਖੇ ਕਿਸੇ ਪ੍ਰੀਤਮ ਦੀ ਨੀ
ਖਾਂਦੀ ਉਹਨੂੰ ਜੁਦਾਈ ਹੋਵੇ!

ਆਪਣੜੇ ਸਪਨੇ ਵਰਗਾ ਵਰ
ਹਰ ਔਰਤ ਲੱਭਣਾ ਹੈ ਚਾਹੁੰਦੀ।
ਸੋਚਾਂ ਵਿਚ ਰਾਤੀਂ ਨਾ ਸੌਂਦੀ,
ਜਾਂ ਉਂਜ ਹੀ ਉਹਨੂੰ ਨੀਂਦ ਨਾ ਆਉਂਦੀ।
ਮਿੱਠੇ ਗੀਤ ਗੁਨਗਨਾਉਂਦੀ,
ਸੁਪਨ ਤਲਾਸ਼ 'ਚ ਰਹਿੰਦੀ ਭਾਉਂਦੀ।

ਜੇਕਰ ਔਰਤ ਦੇ ਤਾਈਂ
ਆਪਣੜਾ ਸੁਪਨਾ ਲੱਭ ਜਾਵੇ।
ਉਸ ਦੇ ਲਈ ਤਾਂ ਇਸ ਧਰਤੀ ਦੇ
ਉੱਤੇ ਹੀ ਸੁਰਗ ਬਣ ਜਾਵੇ।

ਪਰ ਜੇ ਉਸ ਕਰਮਾਂਮਾਰੀ ਨੂੰ
ਮਨ ਚਾਹਿਆ ਸੁਪਨਾ ਨਾ ਥਿਆਵੇ।
ਕਿਸੇ ਅਣਚਾਹੇ ਸੁਪਨੇ ਦੇ ਲੜ
ਜੇ ਉਸ ਨੂੰ ਲਾ ਦਿੱਤਾ ਜਾਵੇ।
ਉਸਦੀ ਹੱਸਦੀ ਗਾਉਂਦੀ ਦੁਨੀਆਂ
ਜਿਉਂਦਾ ਇੱਕ ਨਰਕ ਬਣ ਜਾਵੇ।
ਮਿਰਜ਼ਾ ਮੇਰੇ ਸੁਪਨੇ ਦਾ ਰਾਜਾ
ਵਖਤਾਂ ਦੇ ਨਾਲ ਲੱਭਿਆ ਜਿਸਨੂੰ।
ਮੈਂ ਸੌਂਹ ਪਾ ਕੇ ਉਮਰ ਸਾਥ ਦਾ
ਵਾਅਦਾ ਦੇ ਦਿੱਤਾ ਹੈ ਉਸਨੂੰ।

ਧੀਆਂ ਦੇ ਦੁੱਖਾਂ – ਦਰਦਾਂ ਨੂੰ
ਮਾਵਾਂ ਬਾਝ ਕੋਈ ਨਾ ਜਾਣੇ।
ਮਾਂ ਹੁੰਦੀ ਹਮਦਰਦ ਧੀ ਦੀ
ਮਾਂ ਹੀ ਉਸਦੀ ਪੀੜ ਪਹਿਚਾਣੇ।

ਆਖਿਰ ਤਾਂ ਤੁਸੀਂ
ਕਿਸੇ ਮੁੰਡੇ ਸੰਗ
ਵਿਆਹੋਂਗੇ ਮੈਨੂੰ ਨੀ ਮਾਏ!
ਆਖਿਰ ਤਾਂ ਕਿਸੇ ਘਰ ਦੀ ਬਹੂ
ਬਣਾਓਂਗੇ ਮੈਨੂੰ ਨੀ ਮਾਏ!

ਜੇਕਰ ਪ੍ਰੀਤਮ ਖੁਦ ਲੱਭ ਲਿਆ ਮੈਂ
ਇਹ ਨਾ ਕੋਈ ਗੁਨਾਹ ਨੀ ਮਾਏ!
ਸਭ ਨੂੰ ਇਹ ਮਨਾ ਨੀ ਮਾਏ!

ਜੀਵਨ ਦਾਤੀਏ!
ਮੇਰੇ ਉੱਤੇ
ਇਕ ਉਪਕਾਰ ਕਮਾ ਦੇ ਨੀ ਤੂੰ।
ਮੇਰੀ ਖ਼ੁਸ਼ੀ ਦੀ ਖਾਤਿਰ ਮੈਨੂੰ
ਮਿਰਜ਼ੇ ਨਾਲ ਵਿਆਹ ਦੇ ਨੀ ਤੂੰ।

(ਸਲਮੀ, ਸਾਹਿਬਾਂ ਦੇ ਨੇੜੇ ਹੋ ਕੇ ਉਸ ਨੂੰ ਕਲਾਵੇ ਵਿਚ ਲੈ ਲੈਂਦੀ ਹੈ ਤੇ ਕਹਿੰਦੀ ਹੈ।)

**ਸਲਮੀ**

ਧੀਏ ਨੀ!
ਮੈਂ ਤੇਰੀ ਪੀੜ ਪਹਿਚਾਣੀ ਹੈ।
ਲਾਡਲੀਏ!
ਮੈਂ ਤੇਰੀ ਪੀੜਾ ਜਾਣੀ ਹੈ।
ਮੈਂ ਤੇਰੇ ਸੁਪਨੇ ਦੀ ਕਦਰ ਕਰਦੀ ਹਾਂ,
ਮੈਂ ਮੰਨਦੀ ਹਾਂ ਮਿਰਜ਼ਾ ਤੇਰਾ ਹਾਣੀ ਹੈ।

ਪਰ ਮਿੱਠੀਏ!
ਮਿਰਜ਼ਾ ਪੁੱਤ ਜਿਹੜੇ ਘਰ ਦਾ ਹੈ।
ਉਸ ਘਰ ਦੇ ਨੀ ਵਾਲ ਵਾਲ ਸਿਰ ਕਰਜ਼ਾ ਹੈ।
ਬਿੰਜਲ ਕਦੀ ਸੱਚਮੁੱਚ ਦਾ ਚੌਧਰੀ ਹੁੰਦਾ ਸੀ,
ਹੁਣ ਤਾਂ ਧੀਏ ਫੋਕੀ ਚੌਧਰ ਕਰਦਾ ਹੈ।

ਡੱਡੀਏ!
ਤੇਰੇ ਲਈ ਐਸਾ ਵਰ ਲੱਭਾਂਗੇ,
ਜਿਸ ਘਰ ਕਿਸੇ ਗੱਲ ਦੀ ਪ੍ਰਵਾਹ ਨਾ ਹੋਵੇ।

ਪੈਸੇ ਧੇਲੇ ਦੀ ਕੋਈ ਅਥਾਹ ਨਾ ਹੋਵੇ।
ਚਾਰ-ਚੁਫ਼ੇਰੇ ਉਹਨਾਂ ਦਾ
ਹੋਏ ਜੱਸ ਨੀ ਧੀਏ!
ਇਸ ਤੋਂ ਚੰਗਾ ਵਰ ਕੀ ਹੁੰਦਾ
ਦੱਸ ਨੀ ਧੀਏ।

ਮਿਰਜ਼ੇ ਦੀ ਜਵਾਨੀ ਤੈਨੂੰ ਕੁਝ ਨਾ ਦੇਣਾ।
ਭੋਲੀਏ ਨੀ!
ਤੇਰੇ ਉੱਤੇ ਇਹ ਰੂਪ ਨਾ ਰਹਿਣਾ।
ਲਾਡਾਂ ਨਾਲ ਪਲੀਂ ਹੈਂ ਸ਼ਾਹੀ ਘਰ ਵਿੱਚ ਤੂੰ,
ਔਖਾ ਹੋਊ ਤੈਨੂੰ ਨੀ ਗ਼ਰੀਬੀ ਸਹਿਣਾ।
ਮਿਰਜ਼ੇ ਸੰਗ ਜੇ ਪ੍ਨਾਅ ਦਿੱਤਾ ਤੈਨੂੰ,
ਮਾਰੂਗਾ ਨੀ ਜੱਗ ਸ਼ਰੀਕੜਾ ਸਾਨੂੰ ਮਿਹਣਾ।

ਵੇਖੀਂ ਇਹ ਗੱਲ ਭੁੱਲਕੇ ਵੀ ਤੂੰ
ਅਪਣੇ ਅੱਬਾ ਨੂੰ ਨਾ ਕਹਿਣਾ।
ਲੋਕਾਂ ਨੇ ਹਾਲੇ ਨਹੀਂ ਸਿੱਖਿਆ
ਇਹੋ ਜਿਹੀਆਂ ਗੱਲਾਂ ਨੂੰ ਸਹਿਣਾ।
ਜੋ ਲਾੜਾ ਲੜ ਲਾ ਦੇਣ ਮਾਪੇ
ਉਸ ਨੂੰ ਸਮਝੋ ਗਲ ਦਾ ਗਹਿਣਾ।
ਇਹ ਹੈ ਮੇਰੇ ਯੁੱਗ ਦਾ ਕਹਿਣਾ!
ਇਹ ਹੈ ਸਾਡੇ ਯੁੱਗ ਦਾ ਕਹਿਣਾ!!

**ਸਾਹਿਬਾਂ**

ਇਸ਼ਕ ਕੀਤਾ ਹੈ
ਤੋੜ ਨਿਭਾਊਂ

ਅਖਵਾਉਣਾ ਨਹੀਂ ਬੇਵਫ਼ਾ ਹੈ।
ਮੈਨੂੰ ਪਤੈ ਮੇਰੇ ਉੱਤੇ
ਸਭ ਕਬੀਲਾ ਹੋਣਾ ਖਫ਼ਾ ਹੈ।
ਫਿਰ ਵੀ ਮਾਏ!
ਮਰਦੇ ਦਮ ਤੱਕ
ਅਸਾਂ ਪਾਲਦੇ ਰਹਿਣਾ ਵਫ਼ਾ ਹੈ।

ਔਰਤ ਨੂੰ ਪੈਸੇ ਨਾਲੋਂ ਪਹਿਲਾਂ
ਪਿਆਰ ਚਾਹੀਦਾ।
ਜਿਥੇ ਸੱਚਾ ਪਿਆਰ ਮਿਲੇ,
ਸੁਪਨਿਆਂ ਦਾ ਦਿਲਦਾਰ ਮਿਲੇ,
ਉੱਥੇ ਭੁੱਖੇ ਰਹਿ ਕੇ ਵੀ
ਉਮਰਾਂ ਕੱਢ ਜਾਈਦਾ।

ਮਾਈ ਨੀ!
ਦੌਲਤ ਹੈ ਇਕ ਵੇਸਵਾ ਹੁੰਦੀ।
ਕੱਲ੍ਹ ਕਿਸੇ ਦੀਆਂ ਬਾਹਾਂ ਵਿਚ ਸੀ
ਤੇ ਅੱਜ ਕਿਸੇ ਹੋਰ ਸੰਗ ਸੁੱਤੀ।
ਤੁਸੀਂ ਮੇਰੇ ਸੁਪਨੇ ਤੋਂ ਮੇਰਾ ਨਾਤਾ ਨਾ ਤੋੜੋ।
ਕਿਸੇ ਅਣਚਾਹੇ ਸੁਪਨੇ ਸੰਗ
ਮੈਨੂੰ ਨਾ ਜੋੜੋ।

ਅੰਮੜੀਏ!
ਔਰਤ ਜਿਸ ਸੰਗ ਪਿਆਰ ਕਰੇ,
ਉਸ ਨਾਲ ਹੀ ਹੋਣਾ ਚਾਹੀਦਾ
ਉਸਦਾ ਵਿਆਹ!

ਜੇਕਰ ਪ੍ਰੀਤ ਕਿਸੇ ਦੀ ਕਿਸੇ ਲੜ ਲੱਗੇ
ਹੋ ਜਾਂਦੀ ਦੋ ਇਨਸਾਨਾਂ ਦੀ ਜ਼ਿੰਦਗੀ ਤਬਾਹ।

(ਘਰ ਵਿਚ ਬਾਹਰੋਂ ਸਾਹਿਬਾਂ ਦਾ ਪਿਉ ਖੀਵਾ ਖ਼ਾਨ ਪ੍ਰਵੇਸ਼ ਕਰਦਾ ਹੈ (ਭਾਵ ਸਟੇਜ਼ ਉੱਤੇ ਆਉਂਦਾ ਹੈ) ਤੇ ਸਲਮੀ ਨੂੰ ਸੰਬੋਧਨ ਕਰਕੇ ਕਹਿੰਦਾ ਹੈ।)

**ਖੀਵਾ ਖ਼ਾਨ**

ਨੀ ਸਲਮੀ!
ਤੇਰੀ ਕੁੱਖ ਕਲਹਿਣੀ,
ਇਹ ਕੁਲੱਛਣੀ ਅੱਗ ਜੰਮੀ ਹੈ।
ਲੋਕਾਂ ਦੇ ਪੈਰਾਂ ਵਿਚ ਰੋਲਣ
ਲਈ ਤੂੰ ਸਾਡੀ ਪੱਗ ਜੰਮੀ ਹੈ।
ਹਰ ਮਾਤਾ ਆਪਣੇ ਹੱਥੀਂ
ਧੀ ਆਪਣੀ ਦਾ ਕਿਰਦਾਰ ਬਣਾਵੇ।
ਜੇ ਚਾਹੇ ਤਾਂ ਦੇਵੀ ਬਣਾ ਦੇ
ਕੰਜਰੀ ਬਣਾਦੇ ਜੇ ਉਹ ਚਾਹਵੇ।

ਮੈਂ ਕਿਉਂ ਆਖਾਂ
ਤੂੰ ਜਵਾਂ ਨਿਰਦੋਸ਼ੀ ਹੈਂ।
ਸਾਹਿਬਾਂ ਨਾਲੋਂ ਵੀ ਤੂੰ ਵੱਡੀ ਦੋਸ਼ੀ ਹੈਂ।
ਤੇਰੇ ਲਾਡਾਂ ਨੇ ਇਸ ਨੂੰ ਝਮਲਾਇਆ ਹੈ।
ਸ਼ਮੀਰ ਦੇ ਜਦ ਵੇਖ ਕੇ ਇਹਦੇ ਪੁੱਠੇ ਚਾਲੇ,
ਕਦੀ ਵੀ ਇਸ ਦੇ ਉੱਤੇ ਹੱਥ ਉਠਾਇਆ ਹੈ।
ਤੂੰ ਇਸ ਦੇ ਅੱਗੇ ਹੋ ਇਹਨੂੰ ਬਚਾਇਆ ਹੈ।
ਕੁੜੀ ਨੂੰ ਬਹੁਤੀ ਖੁੱਲ੍ਹ ਨਹੀਂ ਦੇਣੀ ਚਾਹੀਦੀ,

ਵੇਖ ਅੱਜ ਇਸਦਾ ਕੀ ਨਤੀਜ਼ਾ ਆਇਆ ਹੈ।

(ਸਲਮੀ ਤਰਲੇ ਤੇ ਗੁੱਸੇ ਦੇ ਸੁਮੇਲ ਨਾਲ ਬੋਲਦੀ ਹੈ।)

**ਸਲਮੀ**

ਮੇਰੀ ਕੁੱਖ ਦਾ ਦੋਸ਼ ਨਾ ਕੋਈ
ਮੇਰੀ ਕੁੱਖ ਨਿਰਦੋਸ਼ੀ ਹੈ।
ਸਾਹਿਬਾਂ ਦੀ ਇਸ ਕਰਤੂਤ ਦੇ ਲਈ
ਆਲਾ-ਦੁਆਲਾ ਦੋਸ਼ੀ ਹੈ।
ਮੇਰੀ ਕੁੱਖ ਕੁਲੱਛਣੀ ਕਹਿ ਦੁਰਕਾਰੋ ਨਾ,
ਇਹ ਤਾਂ ਜਨਮ-ਜਨਮ ਦੀ ਦੁੱਧ ਧੋਤੀ ਹੈ।

ਮਾਂ ਬੱਚੇ ਨੂੰ ਜਨਮ ਦਏ ਜਦ,
ਜੰਮਣ ਪੀੜਾਂ ਜਰਦੀ ਹੈ।
ਬੱਚੇ ਦਾ ਦੁੱਖ ਆਪਣਾ ਸਮਝੇ
ਸਾਹਾਂ ਵਿਚ ਸਾਹ ਭਰਦੀ ਹੈ।
ਬੱਚੇ ਨੂੰ ਸੁੱਕੇ ਥਾਂ ਪਾਵੇ
ਖੁਦ ਗਿੱਲੇ ਥਾਂ ਠਰਦੀ ਹੈ।
ਹਿੱਕੜੀ ਦੇ ਨਾਲ ਲਾਉਂਦੀ ਚੁੰਮ-ਚੁੰਮ
ਪਾਲਕੇ ਵੱਡਾ ਕਰਦੀ ਹੈ।

ਬੀਤ ਗਏ ਦੇ ਨੈਣ-ਨਕਸ਼,
ਕੁੱਖ ਆਪਣੀ ਦੇ ਵਿਚ ਸਾਂਭ ਕੇ,
ਵਰਤਮਾਨ ਦੀ ਤਲੀ ਉੱਤੇ ਜਾ ਧਰਦੀ ਹੈ।

ਜੇ ਤਾਂ ਬੱਚਾ ਵੱਡਾ ਹੋ ਕੇ ਨੇਕ ਬਣੇ,

ਮਾਂ ਦੀ ਕੁੱਖ ਸੁਲੱਖਣੀ ਹੋਵੇ,
ਨਹੀਂ ਉਸਦਾ ਹਰ ਦੋਸ਼ ਇਹ ਦੁਨੀਆਂ
ਮਾਂ ਦੀ ਕੁੱਖ 'ਤੇ ਧਰਦੀ ਹੈ।

ਧੀ ਜੇਕਰ ਕੋਈ ਪਾਪ ਕਮਾਵੇ,
ਉਹ ਵੀ ਮਾਂ ਦੇ ਸਿਰ ਲੱਗ ਜਾਵੇ,
ਬੱਚੇ ਦੀ ਹਰ ਇਕ ਆਦਤ,
ਮਾਤਾ ਲਈ ਸਿਰਦਰਦੀ ਹੈ।
ਮਾਂ ਦਾ ਦੇਣਾ ਦੇ ਸਕਦਾ ਨਹੀਂ ਕੋਈ,
ਮਮਤਾ ਤਾਂ ਹੁੰਦੀ ਖ਼ੁਦਾ ਦੇ ਵਰਗੀ ਹੈ।
ਉਹ ਕੌਮ ਇਕ ਦਿਨ ਤਬਾਹ ਹੋ ਜਾਂਦੀ ਹੈ,
ਜੋ ਕੌਮ ਮਮਤਾ ਦੀ ਕਦਰ ਨਾ ਕਰਦੀ ਹੈ।

ਤੁਸੀਂ ਚਾਰ-ਚੁਫ਼ੇਰੇ ਤੱਕੋ ਕੀ ਅੱਗ ਮੱਚੀ ਹੈ।
ਕੱਲ੍ਹ ਕੋਈ ਕੁੜੀ ਕਿਸੇ ਮੁੰਡੇ ਸੰਗ ਨੱਸੀ ਹੈ।
ਵਾਤਾਵਰਨ 'ਚ ਫੈਲੇ ਏਸ ਗੰਦ 'ਚੋਂ
ਨਿਰਲੇਪ ਨਾ ਰਹਿ ਸਕੀ ਇਹ ਅੱਲੜ੍ਹ ਬੱਚੀ ਹੈ।

(ਗੁੱਸੇ ਨਾਲ ਲਾਲ ਪੀਲਾ ਹੋਇਆ ਸਾਹਿਬਾਂ ਦਾ ਵੀਰ ਖ਼ਾਨ ਸ਼ਮੀਰ ਘਰ ਅੰਦਰ ਪ੍ਰਵੇਸ਼ ਕਰਦਾ ਹੈ।)

**ਖ਼ਾਨ ਸ਼ਮੀਰ**

ਨਿੱਜ ਜੰਮਦੀ ਤੂੰ ਸਾਹਿਬਾਂ ਸਾਡੇ
ਕੀ ਥੁੜ੍ਹਿਆ ਸੀ ਤੇਰੇ ਬਾਝੋਂ,
ਸਾਡੇ ਘਰ ਵਿਚ ਜੰਮ ਕੇ ਸਾਨੂੰ
ਜਿਉਂਦਿਆਂ ਨੂੰ ਤੂੰ ਮਾਰ ਦਿੱਤਾ ਹੈ।

ਪਿੰਡ ਦਿਆਂ ਲੋਕਾਂ ਦੇ ਸਾਹਵੇਂ
ਨੀਵੇਂ ਕਰ ਖਲਿਹਾਰ ਦਿੱਤਾ ਹੈ।

(ਫੇਰ ਆਪਣੇ ਪਿਤਾ ਨੂੰ ਸੰਬੋਧਨ ਕਰਕੇ ਬੋਲਦਾ ਹੈ)

ਅੱਬਾ!
ਇਹਦਾ ਗਲ ਘੁੱਟ ਦਿਓ,
ਜਿਉਂਦੀ ਨੂੰ ਇਹਨੂੰ ਮਾਰ ਮੁਕਾ ਦਿਓ।
ਲੱਤਾਂ ਭੰਨਕੇ ਘਰੇ ਬਿਠਾ ਦਿਓ।

ਮੇਰੇ ਅੰਦਰ ਗੁੱਸੇ ਦੇ ਸੱਪ ਲੜੇ ਨੇ ਜਾਂਦੇ।
ਮੇਰੇ ਤੋਂ ਹੁਣ ਜ਼ਹਿਰਾਂ ਦੇ ਘੁੱਟ ਭਰੇ ਨਾ ਜਾਂਦੇ।

ਮੈਂ ਕਹਿੰਦਾ ਹਾਂ ਅੱਬਾ ਜੀ!
ਹੁਣ ਦੇਰ ਨਾ ਲਾਉ।
ਇਸਨੂੰ ਜਾਨੋਂ ਮਾਰ ਮੁਕਾਓ।
ਫਿਰ ਜਿਥੋਂ ਵੀ ਲੱਭਦਾ ਮਿਰਜ਼ਾ,
ਉਸ ਨੂੰ ਛੇਤੀਂ ਲੱਭ ਲਿਆਓ।
ਵੱਢ-ਵੱਢ ਕੇ ਉਹਦੇ ਟੋਟੇ ਕਰ ਦਿਉ,
ਕਾਵਾਂ ਕੁੱਤਿਆਂ ਤਾਈਂ ਪਾਓ।

ਮੇਰੇ ਅੰਦਰ ਗਰਮ ਖ਼ੂਨ ਅੱਜ ਖੌਲ ਰਿਹਾ ਹੈ।
ਕਾਤਿਲ ਬਣ ਕੇ ਬੋਲ ਰਿਹਾ ਹੈ।
ਮੈਂ ਹੁਣ ਸਾਹਿਬਾਂ ਨੂੰ ਜਿਉਂਦੀ ਨਹੀਂ ਛੱਡਾਂਗਾ।
ਰੱਖਕੇ ਸਿਰ ਦੇਹਲੀ 'ਤੇ ਇਹਦਾ ਮੈਂ ਵੱਢਾਂਗਾ।

(ਸ਼ਮੀਰ ਸਾਹਿਬਾਂ ਉੱਤੇ ਭੁੱਖੇ ਬਘਿਆੜ

ਵਾਂਗ ਝਪਟ ਪੈਂਦਾ ਹੈ ਅਤੇ ਮਾਂ ਪਿਉ ਦੇ ਹਟਾਉਂਦਿਆਂ-ਹਟਾਉਂਦਿਆਂ ਵੀ ਉਸਨੂੰ ਕੁੱਟ - ਕੁੱਟ ਕੇ ਬੁੰਦਲਾਅ ਦਿੰਦਾ ਹੈ। ਸਾਹਿਬਾਂ ਦੀ ਮਾਂ ਸਲਮੀ ਉਸਦੇ ਅੱਗੇ ਹੋ ਜਾਂਦੀ ਹੈ।)

**ਸਲਮੀ**

ਜੋ ਹੋਣਾ ਸੀ ਹੋ ਗਿਆ ਪੁੱਤਰਾ !
ਨਾ ਹੁਣ ਇਸ ਨੂੰ ਮਾਰ ਨਾ ਵੇ।
ਆਪਣੀ ਇੱਜ਼ਤ ਦਾ ਪਰਦਾ ਤੂੰ
ਆਪਣੇ ਹੱਥੀਂ ਪਾੜ ਨਾ ਵੇ।
ਜਦ ਲੋਕਾਂ ਨੂੰ ਪਤਾ ਲੱਗੇਗਾ
ਸਿਆਲਾਂ ਨੇ ਹੱਥੀਂ ਧੀ ਮਾਰੀ।
ਆਪਣੇ ਮੂੰਹ ਦੇ ਉੱਤੇ ਥੁੱਕ-ਥੁੱਕ
ਜਾਵੇਗੀ ਇਹ ਦੁਨੀਆਂ ਸਾਰੀ।
ਧੀਆਂ ਨੂੰ ਮਾਰਨਾ ਜ਼ੁਲਮ ਹੈ,
ਧੀਆਂ ਨੂੰ ਮਾਰਨਾ ਪਾਪ ਹੈ।
ਸੱਤ ਪੀੜ੍ਹੀਆਂ ਤਕ ਨਾ ਲਹਿੰਦਾ
ਕੁਲ ਤੋਂ ਇਹ ਸਰਾਪ ਹੈ।
ਹੋਣੀ ਸੀ ਜੋ ਵਰਤ ਗਈ ਹੈ
ਇਸ ਗੱਲ ਨੂੰ ਇਥੇ ਹੀ ਟਿਕਾਓ।
ਚੰਗਾ ਜਿਹਾ ਕੋਈ ਵਰ ਘਰ ਲੱਭ ਕੇ
ਛੇਤੀ ਇਹਦਾ ਕਾਜ ਰਚਾਓ।
ਆਪਣੇ ਸਿਰੋਂ ਫਰਜ਼ ਨੂੰ ਲਾਹੋ।

**ਖੀਵਾ ਖ਼ਾਨ**

ਹਾਂ, ਇਹ ਤੇਰਾ ਠੀਕ ਸੁਝਾਅ।
ਦਿਲ ਮੇਰੇ ਨੂੰ ਲੱਗ ਗਿਆ।
ਮੈਂ ਹੁਣੇ ਹੀ 'ਲਾਗੀ' ਨੂੰ ਸਦਵਾਉਂਦਾ ਹਾਂ।
ਉਸਨੂੰ ਕੋਲ ਬਿਠਾ ਸਭ ਗੱਲ ਸਮਝਾਉਂਦਾ ਹਾਂ।
ਉਸਨੂੰ ਕਹਿੰਦਾ ਹਾਂ ਤੂੰ ਚੰਧੜਾਂ ਵੱਲੀਂ ਜਾਹ।
ਸਾਹਿਬਾਂ ਦੇ ਵਿਆਹ ਦੀ ਗੱਲ ਪੱਕੀ ਕਰ ਆ।
ਚੰਧੜਾਂ ਦੇ ਘਰ ਰਿਸ਼ਤਾ ਕਰਨਾ
ਸਾਡੇ ਲਈ ਮਾਣ ਦੀ ਗੱਲ ਆ।
ਉਹਨਾਂ ਦੀ ਸਰਕਾਰੇ-ਦਰਬਾਰੇ
ਵੀ ਅੱਜ ਪੂਰੀ ਚੱਲਦੀ ਆ।

**ਖ਼ਾਨ ਸ਼ਮੀਰ**

ਸਾਹਿਬਾਂ ਖ਼ਬਰਦਾਰ ਜੇ ਹੁਣ ਤੂੰ,
ਬੂਹਿਓਂ ਬਾਹਰ ਕਦਮ ਵੀ ਧਰਿਆ।
ਇਹ ਨਾ ਸਮਝਣਾ ਜੋ ਗੱਜਦਾ ਹੈ,
ਉਹ ਬੱਦਲ ਕਦੀ ਨਹੀਂ ਵਰ੍ਹਿਆ।

(ਖ਼ਾਨ ਸ਼ਮੀਰ ਘਰੋਂ ਬਾਹਰ ਚਲਾ ਜਾਂਦਾ ਹੈ। (ਭਾਵ ਸਟੇਜ਼ ਦੇ ਪਿੱਛੇ ਚਲਾ ਜਾਂਦਾ ਹੈ) ਖੀਵਾ ਖ਼ਾਨ ਘਰ ਦੇ ਨੁੱਕਰ ਵਾਲੇ ਪਾਸੇ ਬਣੀ ਬੈਠਕ 'ਚ ਚਲਾ ਜਾਂਦਾ ਹੈ। ਸਲਮੀ ਸਾਹਿਬਾਂ ਕੋਲ ਬਹਿ ਜਾਂਦੀ ਹੈ ਅਤੇ ਸਾਹਿਬਾਂ ਮਾਂ ਦੇ ਗਲ ਲੱਗ ਕੇ ਸਿਸਕੀਆਂ ਭਰਨ ਲੱਗ ਪੈਂਦੀ ਹੈ।)

**ਪਰਦਾ ਡਿੱਗਦਾ ਹੈ ..........**

# ਸਾਹਿਬਾਂ
## (ਚੌਥਾ ਅੰਕ)

ਪਿਉ ਜਦੋਂ ਧੀ ਦਾ ਕਰਦਾ ਹੈ ਰਿਸ਼ਤਾ।
ਵਰ ਨਾਲੋਂ ਪਹਿਲਾਂ ਜਾਇਦਾਦ ਪੁੱਛਦਾ।

**ਪਰਦਾ ਉੱਠਦਾ ਹੈ .........**

**ਰਾਤ ਦਾ ਸਮਾਂ**

(ਝੰਗ ਸਿਆਲ। ਹਰ ਕੋਈ ਸੌਣ ਲਈ ਮੰਜੇ 'ਤੇ ਪੈਣ ਦੇ ਆਹਰ ਵਿਚ। ਮਿਰਜ਼ੇ ਦੀ ਮਾਸੀ ਬੀਬੋ ਦਾ ਘਰ। ਦੀਵੇ ਦੀ ਮਿੰਨੀ-ਮਿੰਨੀ ਲੋਅ ਵਿਚ ਮੰਜੇ 'ਤੇ ਬੈਠੇ ਮਿਰਜ਼ਾ ਤੇ ਉਸਦੀ ਮਾਸੀ ਬੀਬੋ ਗੰਭੀਰਤਾ ਭਰੀਆਂ ਗੱਲਾਂ ਕਰ ਰਹੇ ਹਨ।)

**ਬੀਬੋ**

ਨੇੜੇ ਹੋ ਕੇ ਸੁਣ ਮਿਰਜ਼ਿਆ ਤੂੰ ਗੱਲ ਵੇ!
ਮੇਰੇ ਸੀਨੇ ਵਿਚ ਹੋਈ ਜਾਂਦੇ ਸੱਲ ਵੇ!
ਸੁਣੀ ਅੱਜ ਲੋਕਾਂ ਤੋਂ ਭੈੜੀ ਆਵਾਜ਼ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

ਸਾਰੇ ਝੰਗ ਵਿਚ ਮੱਚੀ ਏ ਦੁਹਾਈ ਵੇ!
ਅੱਲਾ ਜਾਣੇ ਕੀਹਨੇ ਇਹੇ ਅੱਗ ਲਾਈ ਵੇ!
ਇਸ਼ਕ ਤੇਰੇ ਦਾ ਖੁੱਲ੍ਹ ਗਿਆ ਪਾਜ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

ਸ਼ਮੀਰ ਕਹੇ ਦੇਣਾ ਮਿਰਜ਼ੇ ਨੂੰ ਮਾਰ ਵੇ!
ਮਹਿੰਗਾ ਪਊ ਬਿਗਾਨੀ ਧੀ ਦਾ ਉਹਨੂੰ ਪਿਆਰ ਵੇ!
ਡਰ ਲੱਗੇ ਸਿਆਲ ਨੇ ਬੁਰੇ ਜਲਾਦ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

## ਮਿਰਜ਼ਾ

ਝੰਗ ਵਿਚ ਵਸੇ ਮਾਸੀ ਮੇਰਾ ਪਿਆਰ ਨੀ !
ਸੁਰਗਾਂ ਦੇ ਝੂਟੇ ਸੰਦਲੀ ਬਹਾਰ ਨੀ !
ਹੱਥੀਂ ਲਾਏ ਬੂਟੇ ਜਾਊ ਕਿਵੇਂ ਪੱਟ ਕੇ !
ਦੱਸ ਮਾਸੀ ਜਾਊਂ ਕਿਵੇਂ ਝੰਗ ਛੱਡ ਕੇ !

ਆਸ਼ਕ ਤਾਂ ਮਾਰਿਆਂ ਜਿਹੇ ਹੋਣ ਉਂਜ ਨੀ !
ਜਿੰਦ ਬੱਸ ਹੁੰਦੀ ਹੈ ਵਿਖਾਵਾ ਕੁੰਜ ਨੀ !
ਮਰਿਆਂ ਨੂੰ ਕਰੂ ਕੀ ਸ਼ਮੀਰ ਵੱਢ ਕੇ !
ਦੱਸ ਮਾਸੀ ਜਾਊਂ ਕਿਵੇਂ ਝੰਗ ਛੱਡਕੇ !

## ਬੀਬੋ

ਤੇਰੇ ਸੰਗ ਮੈਨੂੰ ਰੱਬ ਜਿੰਨਾ ਮੋਹ ਵੇ !
ਭੈੜੀਆਂ ਗੱਲਾਂ ਨਾ ਕਰ ਪੈਣ ਖੋਹ ਵੇ !
ਦਿਲ ਵਿਚੋਂ ਜਾਪੇ ਰਸਦੀ ਜਿਉਂ ਰਾਧ ਵੇ !
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ !

ਹੋਈ ਵਿਧਵਾ ਮੈਂ ਜੋਬਨੇ ਦੀ ਰੁੱਤੇ ਵੇ !
ਚਾਅ ਮੇਰੇ ਸਾਰੇ ਕਬਰੀਂ ਜਾ ਸੁੱਤੇ ਵੇ !
ਕਰਮਾਂ ਦੀ ਮਾਰੀ ਮੈਂ ਹਾਂ ਬੇ-ਔਲਾਦ ਵੇ !
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ !

ਇਕ ਮੈਂ ਪਤੀ ਦੇ ਬਿਰਹੋਂ ’ਚ ਮਰੀ ਵੇ !
ਦੂਜਾ ਜੱਗ ਦਿਆਂ ਤਾਹਨਿਆਂ ’ਚ ਸੜੀ ਵੇ !
ਤੇਰੇ ਨਾਲ ਮੇਰੀ ਦੁਨੀਆਂ ਆਬਾਦ ਵੇ !
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ !

**ਮਿਰਜ਼ਾ**

ਮਰਦ ਮੈਦਾਨ 'ਚੋਂ ਕਦੇ ਨਾ ਭੱਜਦੇ।
ਬਾਂਹ ਜੀਹਦੀ ਫੜਦੇ ਕਦੇ ਨਾ ਛੱਡਦੇ।
ਯਾਰ ਲਈ ਜਿਉਂਦੇ ਯਾਰ ਲਈ ਮਰਦੇ।
ਆਸ਼ਕ ਕਿਸੇ ਦੇ ਕੋਲੋਂ ਨਹੀਂ ਡਰਦੇ।

ਹਾਣੀਆਂ ਨੂੰ ਹਾਣੀ ਲਾ ਮਿਲਣ ਪੱਜ ਨੀ!
ਦਿਲਜਾਨੀ ਬਿਨ ਜਿਉਣ ਦਾ ਕੀ ਹੱਜ ਨੀ!
ਹਿਜ਼ਰ ਤਾਂ ਲਹੂਆਂ ਦੇ ਨੇ ਘੁੱਟ ਭਰਦੇ।
ਆਸ਼ਕ ਕਿਸੇ ਦੇ ਕੋਲੋਂ ਨਹੀਂ ਡਰਦੇ।

ਪਤਾ ਨਹੀਂ ਇਹ ਕਿਹੋ ਜਿਹਾ ਨਾਤਾ ਨੀ!
ਉਹਦੇ ਬਿਨਾਂ ਅੱਖਾਂ ਸਾਹਵੇਂ ਅੰਧਰਾਤਾ ਨੀ!
ਆਸ਼ਕ ਤਾਂ ਯਾਰ ਲਈ ਕੱਚੇ ਤੇ ਤਰਦੇ।
ਆਸ਼ਕ ਕਿਸੇ ਦੇ ਕੋਲੋਂ ਨਹੀਂ ਡਰਦੇ।

(ਬੀਬੋ ਮਿਰਜ਼ੇ ਦਾ ਸਿਰ ਆਪਣੀ ਬੁੱਕਲ ਵਿਚ ਲੈ ਕੇ ਬੋਲਦੀ ਹੈ।)

**ਬੀਬੋ**

ਮੰਨਿਆ ਇਸ਼ਕ ਹੁੰਦੇ ਜਜ਼ਬਾਤੀ ਵੇ!
ਪਰ ਤੇਰੀ ਖ਼ਤਰੇ 'ਚ ਹੈ ਹਯਾਤੀ ਵੇ!
ਸੋਚ ਜ਼ਰਾ ਸੋਚਣੇ ਲਈ ਹੈ ਦਿਮਾਗ਼ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

ਤੂੰ ਤੇ ਸਾਹਿਬਾਂ ਮੇਰੇ ਦਿਲ ਦੇ ਹੋ ਟੋਟੇ ਵੇ!
ਹੱਥਾਂ ਵਿੱਚ ਪਲੇ ਤੁਸੀਂ ਛੋਟੇ-ਛੋਟੇ ਵੇ!

ਹੱਥੀਂ ਕੀਤਾ ਥੋੜਾ ਇਸ਼ਕ ਅਬਾਦ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

ਤੇਰੀ ਪੀੜ ਮੇਰੀ ਆਪਣੀ ਹੈ ਪੀੜ ਵੇ!
ਅੱਖੀਆਂ 'ਚੋਂ ਬੁੱਕ-ਬੁੱਕ ਡਿੱਗੇ ਨੀਰ ਵੇ!
ਤੇਰੇ ਜਜ਼ਬਾਤ ਨੂੰ ਮੈਂ ਦੇਵਾਂ ਦਾਦ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

ਕੁਝ ਦਿਨਾਂ ਤੱਕ ਗੱਲ ਜਾਊ ਟਲ ਵੇ!
ਫੇਰ ਭਾਵੇਂ ਆ ਜਾਈਂ ਤੂੰ ਝੰਗ ਵੱਲ ਵੇ!
ਓਨਾ ਚਿਰ ਦਿਲ ਵਿਚ ਪਾਲ ਯਾਦ ਵੇ!
ਝੰਗ ਛੱਡ ਤੁਰਜਾ ਤੂੰ ਦਾਨਾਬਾਦ ਵੇ!

(ਮਿਰਜ਼ਾ ਆਪਣਾ ਸਿਰ ਮਾਸੀ ਬੀਬੋ ਦੀ ਬੁੱਕਲ ਵਿਚੋਂ ਕੱਢ ਕੇ ਬੋਲਦਾ ਹੈ।)

**ਮਿਰਜ਼ਾ**

ਇਸ਼ਕ 'ਕੁਰਾਨਿ' ਤੋਂ ਸਾਡਾ ਹੈ ਪਾਕਿ ਨੀ!
ਉਮਰਾਂ ਦੇ ਅਸੀਂ ਹੈ ਨਿਭੌਣੇ ਸਾਥ ਨੀ।
ਮੇਰੇ ਉੱਤੇ ਮਾਸੀ ਪੁੰਨ ਤੂੰ ਕਮਾ ਦੇ ਨੀ।
ਸਾਹਿਬਾਂ ਦਾ ਤੂੰ ਮੈਨੂੰ ਰਿਸ਼ਤਾ ਕਰਾ ਦੇ ਨੀ।

ਆਖਿਰ ਤਾਂ ਉਹ ਉਹਨੂੰ ਵਿਆਹੁਣਗੇ ਕਿਤੇ।
ਆਖਿਰ ਤਾਂ ਵਿਆਹੀ ਜਾਊ ਘਰ ਉਹ ਕਿਸੇ।
ਜਾ ਕੇ ਮਾਸੀ ਸਿਆਲਾਂ ਤਾਈਂ ਸਮਝਾ ਦੇ ਨੀ।
ਸਾਹਿਬਾਂ ਦਾ ਤੂੰ ਮੈਨੂੰ ਰਿਸ਼ਤਾ ਕਰਾ ਦੇ ਨੀ।

### ਬੀਬੋ

ਇਥੇ ਨਾ ਜਵਾਨੀ ਕੋਈ ਪਾਉਂਦੀ ਮੁੱਲ ਵੇ!
ਜਾਂਦੇ ਨੇ ਪਿਆਰ ਸੋਨੇ ਵੱਟੇ ਤੁਲ ਵੇ!
ਮਿੱਟੀ 'ਚ ਗ਼ਰੀਬਾਂ ਦੇ ਰੁਲਣ ਚਾਅ ਵੇ!
ਫੇਰ ਵੀ ਮੈਂ ਲਾ ਦਿਆਂਗੀ ਪੂਰੀ ਵਾਹ ਵੇ!

ਪਿਉ ਜਦੋਂ ਧੀ ਦਾ ਕਰਦਾ ਹੈ ਰਿਸ਼ਤਾ!
ਵਰ ਨਾਲੋਂ ਪਹਿਲਾਂ ਜਾਇਦਾਦ ਪੁੱਛਦਾ!
ਪੈਸੇ ਸੰਗ ਪੈਸੇ ਦਾ ਹੁੰਦਾ ਨਿਕਾਹ ਵੇ!
ਫੇਰ ਵੀ ਮੈਂ ਲਾ ਦਿਆਂਗੀ ਪੂਰੀ ਵਾਹ ਵੇ!

ਨੌਹਾਂ ਨਾਲੋਂ ਮਾਸ ਜਦ ਜੁਦਾ ਹੁੰਦੇ ਨੇ।
ਅੱਲ੍ਹੜਾਂ ਦੇ ਇਸ਼ਕ ਜ਼ਿਬ੍ਹਾ ਹੁੰਦੇ ਨੇ।
ਖੌਰੇ ਉਦੋਂ ਕੀ ਸੋਚਦਾ ਖ਼ੁਦਾ ਵੇ!
ਫੇਰ ਵੀ ਮੈਂ ਲਾ ਦਿਆਂਗੀ ਪੂਰੀ ਵਾਹ ਵੇ!

ਮੇਰੇ ਉੱਤੇ ਰੱਖ ਸ਼ੇਰਾ ਵਿਸ਼ਵਾਸ ਵੇ!
ਪੂਰੀ ਮੈਂ ਜ਼ਰੂਰ ਕਰੂੰ ਤੇਰੀ ਆਸ ਵੇ!
ਜਾਨ 'ਤੇ ਵੀ ਖੇਡ ਸਾਹਿਬਾਂ ਦੇਊਂ ਦੁਆ ਵੇ!
ਫੇਰ ਵੀ ਮੈਂ ਲਾ ਦਿਆਂਗੀ ਪੂਰੀ ਵਾਹ ਵੇ!

### ਮਿਰਜ਼ਾ

ਮੈਂ ਤਾਂ ਮਾਸੀ ਲਈ ਹੁਣ ਪੱਕੀ ਧਾਰ ਨੀ!
ਦਾਨਾਬਾਦ ਲੈ ਕੇ ਜਾਣੀ ਸਾਹਿਬਾਂ ਨਾਰ ਨੀ!
ਪਿਆਰ ਕੀ ਹੈ ਹੁੰਦਾ ਜੱਗ ਨੂੰ ਵਖਾਦੂੰਗਾ!
ਮੈਂ ਤਾਂ ਝੰਗ ਵਿਚ ਭੜਥੂ ਮਚਾਦੂੰਗਾ!

ਹੁਣ ਪਤਾ ਲੱਗਾ ਸਿਆਣਿਆਂ ਦੀ ਕਹੀ ਦਾ।
ਮੰਗਿਆਂ ਮਿਲੇ ਨਾ ਹੱਕ ਖੋਹ ਲਈਦਾ।
ਸੁੱਚਾ ਮੋਤੀ ਕਿਵੇਂ ਹੱਥੋਂ ਮੈਂ ਗਵਾਦੂੰਗਾ ?
ਮੈਂ ਤਾਂ ਝੰਗ ਵਿਚ ਭੜਥੂ ਮਚਾਦੂੰਗਾ।

(ਮਿਰਜ਼ਾ ਮੰਜੇ ਦੀ ਪੈਂਦ ਵੱਲ ਪਏ ਖੇਸ ਨੂੰ ਉਪਰ ਲੈ ਕੇ ਮੂੰਹ ਲੁਕਾ ਕੇ ਪੈ ਜਾਂਦਾ ਹੈ ਤੇ ਬੀਬੋ ਠੋਡੀ ਥੱਲੇ ਹੱਕ ਰੱਖ ਕੇ ਡੂੰਘੀਆਂ ਸੋਚਾਂ ਵਿਚ ਗੁਆਚ ਜਾਂਦੀ ਹੈ।)

**ਪਰਦਾ ਡਿੱਗਦਾ ਹੈ .................**

# ਸਾਹਿਬਾਂ
## (ਪੰਜਵਾਂ ਅੰਕ)

ਹਰ ਗੱਭਰੂ ਚਾਹੇ ਮੇਰੀ ਕੋਈ ਹੋਏ ਮਹਿਬੂਬਾ।
ਪਰ ਕੋਈ ਜਰ ਸਕਦਾ ਨਾ ਜੇਕਰ ਭੈਣ ਕਿਸੇ ਦੀ,
ਕਿਸੇ ਹੋਰ ਦੀ ਬਣ ਜਾਂਦੀ ਹੈ ਨੀ ਮਹਿਬੂਬਾ।

**ਪਰਦਾ ਉੱਠਦਾ ਹੈ ............**

**ਦੁਪਹਿਰ ਤੋਂ ਪਹਿਲਾਂ ਦਾ ਸਮਾਂ**

(ਖੀਵਾ ਖ਼ਾਨ ਦੇ ਘਰ ਦੇ ਵਿਹੜੇ ਵਿਚ ਇਕ ਬਿਰਖ ਦੇ ਕੋਲ, ਨਵਾਰੀ ਪਲੰਘ ਉੱਤੇ ਸਾਹਿਬਾਂ ਅਤੇ ਉਸ ਦੀ ਸਹੇਲੀ ਜੈਨਾਂ ਬੈਠੀਆਂ ਹਨ।)

(ਸਟੇਜ਼ ਦੀ ਬੈਕਰਾਉਂਡ ਵਿਚੋਂ ਇਕ ਸੁਰਮਈ ਆਵਾਜ਼ ਉਭਰਦੀ ਹੈ।)

ਮਿਰਜ਼ਾ ਤੁਰ ਗਿਆ ਦਾਨਾਬਾਦ ਨੂੰ
ਸੁੰਨਾ ਹੋ ਗਿਆ ਝੰਗ ਸਿਆਲ।
ਜਿਉਂ ਜਲ ਬਿਨ ਮਛਲੀ ਤੜਪਦੀ
ਹੈ ਉਂਜ ਸਾਹਿਬਾਂ ਦਾ ਹਾਲ।

(ਸਾਹਿਬਾਂ ਤੇ ਜੈਨਾਂ ਗੱਲਾਂ ਕਰ ਰਹੀਆਂ ਹਨ।)

**ਜੈਨਾਂ**

ਸਾਹਿਬਾਂ!
ਤੇਰੇ ਸੰਗ ਮੈਨੂੰ ਹਮਦਰਦੀ ਹੈ,
ਸਖੀਏ ਨੀ!
ਮੋਂ ਤੇਰੀ ਪੀੜ ਪਛਾਣਦੀ ਹਾਂ।
ਤੂੰ ਅੱਜ ਦੋਸ਼ੀ ਬਣੀ ਖੜ੍ਹੀ ਲੋਕਾਂ ਸਾਹਵੇਂ
ਮੈਂ ਤੇਰੀ ਹਮਰਾਜ ਸਖੀ ਸਭ ਜਾਣਦੀ ਹਾਂ।
ਮਰ ਜਾਣੀਏਂ!

ਪਿਆਰ 'ਚੋਂ ਕਿਸੇ ਨੇ ਖੱਟਿਆ ਕੀ ?
ਵੇਖ ਲਈਆਂ ਸਜ਼ਾਵਾਂ ਪ੍ਰੀਤਾਂ ਪਾਣ ਦੀਆਂ।

(ਸਾਹਿਬਾਂ ਦਾ ਮੂੰਹ ਗੁੱਸੇ ਨਾਲ ਲਾਲ ਹੋ ਜਾਂਦਾ ਹੈ ਤੇ ਉਹ ਜੈਨਾਂ ਨੂੰ ਕਹਿੰਦੀ ਹੈ।)

**ਸਾਹਿਬਾਂ**

ਜੈਨਾਂ!
ਇਹ ਅਣਹੋਣੀ ਗੱਲ ਨਹੀਂ,
ਮੇਰੇ ਸੰਗ ਬੀਤੀ ਹੈ ਹੋਣੀ।
ਹੋਣੀ ਜੋ ਕਦੇ ਨਾ ਭਾਉਣੀ।

ਸੁਣ ਸਖੀਏ!
ਬਹੁਤਾ ਚਿਰ ਗੁੱਝੇ,
ਰਹਿਣ ਨਾ ਭੇਤ ਪਿਆਰ ਦੇ ਨੀ!
ਕੱਖਾਂ ਵਿਚ ਅੰਗਾਰ ਜਿਵੇਂ,
ਚੇਤਰ ਮਾਂਹ 'ਚ ਬਹਾਰ ਜਿਵੇਂ,
ਤੇ ਧੁੱਪ ਰਹੇ ਨਾ ਗੁੱਝੀ,
ਜਿਉਂ ਵਿਚ ਹਾੜ੍ਹ ਦੇ ਨੀ!

ਸਹੀਏ ਨੀ!
ਪਿਆਰ ਕਰਨਾ ਪਾਪ ਨਾ ਕੋਈ।
ਕਮਲੀਏ!
ਜੀਵਨ ਸਾਥੀ ਲੱਭਣਾ ਪਾਪ ਨਾ ਕੋਈ।
ਮੈਨੂੰ ਕੀਤੇ 'ਤੇ ਕੋਈ ਪਛਤਾਵਾ ਨਹੀਂ,
ਮੈਂ ਜੋ ਕੁੱਝ ਵੀ ਕੀਤਾ ਹੈ,
ਸੋਚ ਸਮਝ ਕੇ ਕੀਤਾ ਹੈ।

ਚਾਹੇ ਜ਼ਹਿਰ ਦਾ ਘੁੱਟ ਪੀਤਾ ਹੈ,
ਚਾਹੇ ਅੰਮ੍ਰਿਤ ਪੀਤਾ ਹੈ।

ਮੁਹੱਬਤ
ਗਰਮ ਲਹੂ ਦੀ ਮੰਗ ਹੈ।
ਮੁਹੱਬਤ
ਦਿਲ ਦਰਿਆ ਦੀ ਤਰੰਗ ਹੈ।
ਪਿਆਰ ਬਿਨਾਂ ਜ਼ਿੰਦਗੀ 'ਚ ਦੱਸ ਤੂੰ
ਪਿਆ ਹੀ ਕੀ ਹੈ ?
ਜਿੱਥੇ ਪਿਆਰ ਹੈ ਉੱਥੇ ਅੜੀਏ !
ਸਭ ਕੁਝ ਹੀ ਹੈ।

ਮੇਰਾ ਦਾਅਵਾ ਹੈ
ਮੇਰਾ ਕੋਈ ਦੋਸ਼ ਨਹੀਂ।
ਜੇ ਮੈਂ ਦੋਸ਼ੀ
ਤਾਂ ਕੋਈ ਵੀ ਨਿਰਦੋਸ਼ ਨਹੀਂ।
ਅੜੀਏ ਨੀ !
ਲੋਕਾਂ ਨੂੰ ਕੋਈ ਹੋਸ਼ ਨਹੀਂ।
ਪੀੜ ਪਰਾਈ ਜਾਣੇ ਨਾ ਇੱਥੇ ਕੋਈ,
ਕਿਸੇ ਦੇ ਬਾਰੇ ਸਕਦਾ ਕੋਈ ਸੋਚ ਨਹੀਂ।

ਧੀ ਬਿਗਾਨੀ
ਕਰਕੇ ਜਦ ਕੋਈ ਹਾਰ ਸ਼ਿੰਗਾਰ।
ਲੰਘਦੀ ਹੈ ਨੀ ਵਿੱਚਦੀ ਕਿਸੇ ਗਲੀ ਬਜ਼ਾਰ।
ਮਰਦ ਤੱਕਦੇ ਉਸਨੂੰ ਅੱਖਾਂ ਪਾੜ-ਪਾੜ।
ਕਾਮੀ ਅੱਖ ਖਿਆਲਾਂ ਥੀਂ,

ਉਹਨੂੰ ਵੇਖੇ ਨੰਗੀ।
ਖਿਆਲਾਂ ਥੀਂ ਹੀ ਜਿਸਮ ਮਾਣ ਲਏ
ਸੋਚ ਨੀ ਗੰਦੀ।

ਜਦ ਕੋਈ ਮੁੰਡਾ
ਕਿਸੇ ਕੁੜੀ ਸੰਗ ਇਸ਼ਕ ਕਮਾਏ।
ਬੁੱਲ੍ਹਾਂ ਦੀ ਲਾਲੀ ਉਹਦੀ
ਸਾਰੀ ਚੂਸਨੀ ਚਾਹੇ।
ਉਸ ਨੂੰ ਇਹ ਗੁਨਾਹ ਨਾ ਜਾਪੇ,
ਜਾਂ ਉਂਜ ਹੀ ਨਜ਼ਰੀਂ ਨਾ ਆਏ।
ਪਰ ਜੇਕਰ ਨੀ ਭੈਣ ਉਸਦੀ,
ਕਿਸੇ ਨੂੰ ਹੋਵੇ ਪਿਆਰ ਕਰਦੀ,
ਉਸ ਨੂੰ ਉਹ ਮੂਲ ਨਾ ਭਾਏ।
ਹਰ ਗੱਭਰੂ ਚਾਹੇ
ਮੇਰੀ ਕੋਈ ਹੋਏ ਮਹਿਬੂਬਾ।
ਪਰ ਕੋਈ ਜਰ ਸਕਦਾ ਨਾ
ਜੇਕਰ ਭੈਣ ਕਿਸੇ ਦੀ,
ਕਿਸੇ ਹੋਰ ਦੀ ਬਣ ਜਾਂਦੀ ਹੈ ਨੀ ਮਹਿਬੂਬਾ।

ਹਰ ਮਹਿਬੂਬਾ
ਕਿਸੇ ਦੀ ਆਖਿਰ ਭੈਣ ਹੁੰਦੀ ਹੈ,
ਕਿਸੇ ਦੀ ਆਖਿਰ ਧੀ ਹੁੰਦੀ ਹੈ।
ਕਿਸੇ ਚਿੱਟੀ ਪੱਗ ਵਾਲੇ ਬਾਪ ਦੇ
ਘਰ ਦੀ ਇੱਜ਼ਤ ਵੀ ਹੁੰਦੀ ਹੈ।
ਜਿਉਂ-ਜਿਉਂ ਧੀ ਦਾ ਕੱਦ ਵਧਦਾ ਹੈ,
ਤਿਉਂ-ਤਿਉਂ ਪਿਉ ਦੇ ਸੰਸੇ ਵਧਦੇ।

ਪਰ ਕੋਈ ਕਿੰਜ ਲੁਕਾਵੇ ਅੜੀਏ!
ਬੁੱਕਲ ਵਿਚ ਅੰਗਾਰੇ ਮਘਦੇ।

(ਜੈਨਾਂ ਸਾਹਿਬਾਂ ਨੂੰ ਕਲਾਵੇ ਵਿਚ ਲੈਂਦੀ ਹੈ ਤੇ ਫਿਰ ਪਹਿਲਾਂ ਵਾਲੀ ਸਥਿਤੀ ਵਿਚ ਬੈਠ ਕੇ ਬੋਲਦੀ ਹੈ।)

**ਜੈਨਾਂ**

ਝੱਲੀਏ ਨੀ!
ਤੂੰ ਏਸ ਤਰ੍ਹਾਂ ਕਿਉਂ ਬੋਲ ਰਹੀ ਹੈਂ?
ਸੱਪਣੀ ਵਾਂਗੂ ਮੂੰਹ ਥੀਂ ਨੀ
ਵਿਹੁ ਘੋਲ ਰਹੀ ਹੈਂ।
ਜਿਸ ਮਿਰਜ਼ੇ ਦੇ ਪਿੱਛੇ
ਨੀ ਤੂੰ ਦੁੱਖ ਜਰੇ।
ਹੋਈ ਹੈਂ ਬਦਨਾਮ
ਸਾਰੇ ਵਿਚ ਪਰ੍ਹੇ।
ਕੀ ਤੈਨੂੰ ਮਿਰਜ਼ੇ ਉੱਤੇ ਵਿਸ਼ਵਾਸ ਹੈ ਨੀ?
ਉਸ ਤੋਂ ਤੈਨੂੰ ਵਫ਼ਾ ਦੀ ਕੋਈ ਆਸ ਹੈ ਨੀ?
ਗੋਰੇ ਮਾਸ ਦੇ ਲੋਭੀ ਨੇ ਆਦਮ ਜਾਏ,
ਇਹ ਤਾਂ ਮੁੱਢ ਲਾ ਤੋਂ ਵਿਸ਼ਵਾਸ ਘਾਤ ਹੈ ਨੀ।

ਖੇਡਣਿਆਂ ਦੇ ਵਾਂਗੂੰ ਖੇਡਣ ਔਰਤ ਸੰਗ,
ਔਰਤ ਇਹਨਾਂ ਅੱਗੇ ਨਿਰਜਿੰਦ ਲਾਸ਼ ਹੈ ਨੀ!
ਔਰਤ ਨੂੰ ਬੇਵਫ਼ਾ ਆਖਦੇ ਮੂੰਹ ਥੀਂ ਜੋ,
ਖੁਦ ਬੇਦਰਦ, ਬੇਗਰਜ਼ ਇਹ ਆਦਮ ਜ਼ਾਤ ਹੈ ਨੀ!

ਸਹੀਏ!

ਮੈਂ ਵੀ ਵੇਖੀ ਪਿਆਰ ਦੀ ਝਾਤ ਹੈ ਨੀ!
ਕਿਸੇ ਦੀ ਬੁੱਕਲੇ ਬੈਠ ਗੁਜ਼ਾਰੀ ਰਾਤ ਹੈ ਨੀ!
ਪਰ ਉਹ ਨਰ ਨਿਕਲ ਗਿਆ ਕਮਜ਼ਾਤ ਹੈ ਨੀ!
ਹੋਰ ਕਿਸੇ ਸੰਗ ਨਿਕਾਹ ਪੜ੍ਹਾਕੇ ਤੁਰ ਗਿਆ,
ਮਾਣ ਕੇ ਜਿਸਮ ਮੇਰੇ ਦਾ ਦੋ ਦਿਨ ਸਾਥ ਹੈ ਨੀ!
(ਜੈਨਾਂ ਗੱਲਾਂ ਦਾ ਰੁੱਖ ਬਦਲਦੀ ਹੈ)

ਸਾਹਿਬਾਂ!
ਮੈਨੂੰ ਬੀਤੇ ਪਲ ਬਹੁਤ ਸਤਾਉਂਦੇ ਨੇ।
ਉੱਠਦਿਆਂ-ਬਹਿੰਦਿਆਂ ਖਿਆਲ ਉਸੇ ਦੇ ਆਉਂਦੇ ਨੇ।
ਬਹੁਤ ਤੜਫਾਉਂਦੇ ਨੇ।
ਸਹੇਲੀਏ!
ਦੱਸ ਤਾਂ ਸਹੀ
ਤੈਨੂੰ ਮਿਰਜ਼ਾ ਕਿੰਨਾ ਕੁ ਯਾਦ ਆਏ?
ਉਹਦਾ ਬਿਰਹਾ ਤੈਨੂੰ ਕਿੰਨਾ ਕੁ ਸਤਾਏ?

**ਸਾਹਿਬਾਂ**

ਜਦ ਵਾਅ ਪੁਰੇ ਦੀ ਵਗਦੀ ਏ।
ਅੰਗਾਂ ਨੂੰ ਪੀੜ ਜਿਹੀ ਲੱਗਦੀ ਏ।
ਤੇ ਦਿਲ 'ਤੇ ਚੂੰਢੀਆਂ ਵੱਢਦੀ ਏ।
ਰੁੱਤ ਬਿਰਹੋਂ ਦੀ!
ਸਾਨੂੰ ਮੌਤ ਤੋਂ ਭੈੜੀ ਲੱਗਦੀ ਏ।

ਜਦ ਰਾਤ ਹਨੇਰੀ ਆਉਂਦੀ ਏ।
ਜਿਉਂ ਡੈਣ ਕੋਈ ਮੁੱਖ ਵਿਖਾਉਂਦੀ ਏ।
'ਕੱਲਿਆਂ ਨੂੰ ਬਹੁਤ ਡਰਾਉਂਦੀ ਏ।

ਰੁੱਤ ਬਿਰਹੋਂ ਦੀ!
ਅੜੀਏ ਨੀ!! ਰੱਤ ਸੁਕਾਉਂਦੀ ਏ।

ਜਦ ਅੰਬਰੀਂ ਤਾਰਾ ਚੜ੍ਹਦਾ ਏ।
ਮੈਨੂੰ ਮਿਰਜ਼ੇ ਦਾ ਮੁੱਖ ਲੱਗਦਾ ਏ।
ਤੇ ਨਾਗ ਯਾਦ ਦਾ ਲੜਦਾ ਏ।
ਰੁੱਤ ਬਿਰਹੋਂ ਦੀ!
ਜ਼ਹਿਰ ਸਿਰੇ ਨੂੰ ਚੜ੍ਹਦਾ ਏ।

ਜਦ ਰਾਤ ਬੀਤ ਸੁਬ੍ਹਾ ਆਉਂਦੀ ਏ।
ਅੰਬੀ ਤੇ ਕੋਇਲ ਕੋਈ ਗਾਉਂਦੀ ਏ।
ਜਾਪੇ ਜਿਉਂ ਬਿਰਹਣ ਰੋਂਦੀ ਏ।
ਰੁੱਤ ਬਿਰਹੋਂ ਦੀ!
ਮੈਨੂੰ ਮੂਲ ਨਾ ਭਾਉਂਦੀ ਏ।

ਸਖੀਏ ਨੀ! ਕੋਲ ਕੀ ਲੁੱਕ ਤੇਰੇ।
ਜਾਪੇ ਜਿਉਂ ਵਿੱਛੜਗੇ ਸਾਹ ਮੇਰੇ।
ਮੇਰੀ ਜਿੰਦ ਨੂੰ ਦੁੱਖਾਂ ਪਾਏ ਘੇਰੇ।
ਰੁੱਤ ਬਿਰਹੋਂ ਦੀ!
ਮੈਨੂੰ ਦਿਨ ਵੀ ਲੱਗਣ ਹਨੇਰੇ।

ਕਿਹੜਾ ਵੇਲਾ ਹੋਏ ਜਦ ਯਾਰ ਆਏ।
ਮੇਰੇ ਸੀਨੇ ਦੇ ਨਾਲ ਲੱਗ ਜਾਏ।
ਨੈਣਾਂ 'ਚੋਂ ਪਾਣੀ ਸੁੱਕ ਜਾਏ।
ਰੁੱਤ ਬਿਰਹੋਂ ਦੀ
ਜਿੰਦੇ ਨੀ! ਸਾਡੀ ਮੁੱਕ ਜਾਏ।

## ਜੈਨਾਂ

ਅੜੀਏ ਨੀ!
ਜਿਸ ਪਿੰਡੇ ਨੇ ਧੁੱਪ ਸੇਕੀ ਨਹੀਂ,
ਉਹ ਕੀ ਜਾਣੇ ਛਾਂ ਵਿਚ ਕੀ ਨਜ਼ਾਰਾ ਨੀ!
ਜਿਹੜੀ 'ਬੁਲਬੁਲ'
ਪੱਤਝੜ ਅੰਦਰ ਕੂਕੀ ਨਹੀਂ,
ਉਹ ਕੀ ਜਾਣੇ ਹੁੰਦੀਆਂ ਕੀ ਬਹਾਰਾਂ ਨੀ!

ਜੋ ਸੋਨਾ
ਨਾ ਪਿਆ ਹੋਏ ਵਿਚ ਕੁਠਾਲੀ ਦੇ,
ਕੀ ਪਤਾ
ਉਹ ਸ਼ੁੱਧ ਵੀ ਹੈ ਜਾਂ ਨਕਲੀ ਹੈ।
ਜੋ ਮੁਹੱਬਤ
ਬਿਰਹੋਂ ਦਾ ਰਾਹ ਲੰਘੀ ਨਹੀਂ,
ਕੀ ਪਤਾ ਉਹ ਨਕਲੀ ਹੈ ਕਿ ਅਸਲੀ ਹੈ।

ਬਿਰਹੋਂ
ਕਸਵੱਟੀ ਪਿਆਰ ਪਛਾਣਦੀ ਹੈ।
ਦੋਹੀਂ ਪਾਸੀਂ ਪੀੜ
ਜੇ ਇੱਕੋ ਹਾਣ ਦੀ ਹੈ।
ਉਸ ਪ੍ਰੀਤ ਨੂੰ ਸੱਚੀ ਦੁਨੀਆਂ ਜਾਣਦੀ ਹੈ।

ਪਿਆਰ
ਬਿਰਹੋਂ ਵਿਚ ਹੱਡੀਂ ਹੈ ਰਚਦਾ ਸਹੀਏ!
ਪਿਆਰ ਦਾ ਭਾਂਬੜ
ਬਿਰਹਾ ਰੁੱਤ 'ਚ ਮੱਚਦਾ ਸਹੀਏ।

ਜਦ ਪ੍ਰੀਤ ਦੀ ਸੋਹਲ ਅੱਡੀ ਨੂੰ,
ਨਾਗ ਵਿਛੋੜਾ ਡੱਸਦਾ ਸਹੀਏ।
ਝੂਠੀ ਪ੍ਰੀਤ ਤਾਂ
ਦਮ ਤੋੜ ਦਏ,
ਸੱਚਾ ਇਸ਼ਕ ਹੀ ਬਚਦਾ ਸਹੀਏ।

ਜਦ
ਯਾਰ ਵਿੱਛੜ ਜੇ,
ਫੇਰ ਹੀ ਇਹ ਅਹਿਸਾਸ ਹੁੰਦੈ।
ਯਾਰ ਦੀ ਮਿਲਣੀ ਅੰਦਰ
ਕੀ ਨਿਘਾਸ ਹੁੰਦੈ।
ਯਾਰ ਦੀ ਕੀਮਤ ਓਨਾ ਚਿਰ
ਪਛਾਣੇ ਨਾ ਕੋਈ,
ਪਿਆਰੀਏ!
ਜਿੰਨਾ ਚਿਰ
ਯਾਰ ਦਾ ਸਾਥ ਹੁੰਦੈ।

ਪਰ
ਭਰੋਸਾ ਕੀ ਕਿਸੇ 'ਤੇ
ਵਿੱਛੜਕੇ ਯਾਦ ਕਰਦਾ ਜਾਂ ਨਾ!
ਹਰ ਪ੍ਰੇਮੀ ਸੱਚਾ ਨਹੀਂ ਹੁੰਦਾ,
ਹਰ ਕੋਈ ਗ਼ਮ 'ਚ ਮਰਦਾ ਤਾਂ ਨਾ।
ਬਹੁਤੇ ਵੇਲਾ ਕੱਢਣ ਦੇ ਲਈ ਪਿਆਰ ਨੇ ਕਰਦੇ,
ਬਹੁਤੇ ਹੁੰਦੇ ਗੋਰਿਆਂ ਪਿੰਡਿਆਂ ਤੇ ਮਰਦੇ,
ਹਰ ਕੋਈ ਸਖ਼ਸ਼
ਕਦਰ ਪਿਆਰ ਦੀ ਕਰਦਾ ਤਾਂ ਨਾ।

## ਸਾਹਿਬਾਂ

ਮਿਰਜ਼ੇ ਤੇ ਮੈਨੂੰ
ਅੰਬਰੋਂ ਵੱਡਾ ਵਿਸ਼ਵਾਸ ਹੈ ਨੀ!
ਧਰਤੀ ਨਾਲੋਂ ਵੱਡੀ
ਵਫ਼ਾ ਦੀ ਆਸ ਹੈ ਨੀ।
ਨਾ ਹਰ ਨਾਰੀ ਵਫ਼ਾਦਾਰ ਹੈ,
ਨਾ ਹਰ ਨਰ ਵਿਸ਼ਵਾਸਘਾਤ ਹੈ,
ਇਹ ਤਾਂ ਆਪੋ ਆਪਨੜਾ ਅਹਿਸਾਸ ਹੈ ਨੀ।

ਜੈਨਾਂ ਨੀ!
ਮਿਰਜ਼ੇ ਦੀ ਪੀੜ ਤਾਂ ਮੈਂ ਹੀ ਜਾਣਾ।
ਚੰਦ ਤੋਂ ਸੋਹਣੇ ਦਾ ਦਰਦ ਮੈਂ ਹੀ ਪਹਿਚਾਣਾ।
ਮੇਰੇ ਬਿਨ ਤਾਂ ਇਕ ਪਲ ਵੀ
ਜਿਉਂ ਸਕਦਾ ਨਾ ਉਹ,
ਰੋਂਦਾ ਹੋਊ ਨੀ ਯਾਦ ਕਰ ਕਰ ਕੇ ਮਰ ਜਾਣਾ।
(ਸਾਹਿਬਾਂ ਜੈਨਾਂ ਨੂੰ ਇਕ ਖ਼ਤ ਫੜਾਉਂਦੀ ਹੈ।)

ਜਾਹ ਅੜੀਏ!
ਤੂੰ ਆਹ ਖ਼ਤ ਦੇ ਦੀਂ,
ਯਾਰ ਮੇਰੇ ਦੇ ਯਾਰ ਨੂੰ ਨੀ!
ਕਹੀਂ ਕਰਮੂ ਨੂੰ ਦੇਵੇ ਸੁਨੇਹਾਂ
ਜਾ ਕੇ ਮੇਰੇ ਪਿਆਰ ਨੂੰ ਨੀ!
ਸਾਹਿਬਾਂ ਤੇਰੀ ਵਿਆਹ ਲੈ ਜਾਣੀ
ਚੰਧੜਾਂ ਆਉਂਦੇ ਵਾਰ ਨੂੰ ਨੀ!
ਮਰਦ ਕਦੇ ਯਾਰੀ ਨਾ ਛੱਡਦੇ
ਤੋੜ ਨਿਭਾਉਣ ਇਕਰਾਰ ਨੂੰ ਨੀ।

ਡੌਲਿਆਂ ਵਿਚ ਜੇ ਬਲ ਹੈ ਕੋਈ,
ਰਗਾਂ ਦੇ ਵਿਚ ਜੇ ਖ਼ੂਨ ਖੌਲਦਾ;
ਦਾਨਾਬਾਦ ਨੂੰ
ਕੱਢ ਲੈ ਜੇ ਮੁਟਿਆਰ ਨੂੰ ਨੀ।

**ਜੈਨਾਂ**

ਇਸ਼ਕ ਦੇ ਅੰਦਰ
ਕਿਉਂ ਤੂੰ ਸਭ ਕੁਝ ਭੁੱਲੀ ਹੈਂ।
ਘਰ ਦੀ ਇੱਜ਼ਤ ਪੱਟਣ ਉੱਤੇ ਤੁਲੀ ਹੈਂ।
ਸਮਾਜ ਤੋਂ ਆਕੀ
ਇਸ਼ਕ ਤੋੜ ਨਾ ਚੜ੍ਹਦੇ ਨੀ!
ਜਲਾਂ 'ਚ ਡੁੱਬਣ
ਜਾਂ ਥਲਾਂ ਵਿਚ ਮਰਦੇ ਨੀ!
ਭਾਵੁਕ ਹੋ ਕੇ
ਫ਼ੈਸਲਾ ਨਾ ਕੋਈ ਕਰ ਨੀ ਅੜੀਏ!
ਕਾਗਜ਼ਾਂ ਦੀ ਕਿਸ਼ਤੀ 'ਚ ਨਾ ਬਹਿ ਕੇ ਤਰ ਨੀ ਅੜੀਏ!

ਜੇਕਰ
ਤੂੰ ਮਿਰਜ਼ੇ ਦੇ ਸੰਗ ਨੱਸੀ ਨੀ!
ਜਾਊ ਤੁਹਾਡੇ ਘਰ ਦੀ ਇੱਜ਼ਤ ਪੱਟੀ ਨੀ!
(ਸਾਹਿਬਾਂ ਆਪਣੀ ਸੱਜੀ ਬਾਂਹ ਉਪਰ ਵੱਲ
ਉਲਾਰ ਕੇ ਜੈਨਾਂ ਨੂੰ ਕਹਿੰਦੀ ਹੈ।)

**ਸਾਹਿਬਾਂ**

ਸਖੀਏ ਨੀ!
ਮੈਨੂੰ ਕਿਸੇ ਦੀ ਵੀ ਨਾ ਕੱਖ ਪਰਵਾਹ।

ਕਰਵਾਉਣਾ ਜ਼ਰੂਰ ਮਿਰਜ਼ੇ ਨਾਲ ਨਿਕਾਹ।
ਇਕ ਵਾਰੀਂ ਜੀਹਦੇ ਸਾਹਾਂ ਵਿਚ ਲੈ ਲਏ ਨੇ ਸਾਹ।
ਉਸੇ ਨਾਲ ਹੀ ਦੇਣੀ ਹੈ ਹੁਣ ਉਮਰ ਲੰਘਾ।

ਜੈਨਾਂ ਨੀ!
ਤੂੰ ਜਾਹ।
ਆਪਣਾ ਫਰਜ਼ ਨਿਬਾਹ।
ਮੇਰਾ ਸੁਨੇਹਾਂ
ਛੇਤੀਂ ਕਰਮੂ ਕੋਲ ਪੁਚਾ।

(ਜੈਨਾਂ ਸਾਹਿਬਾਂ ਕੋਲੋਂ ਉੱਠ ਕੇ (ਸਟੇਜ਼ ਦੇ ਪਿਛਲੇ ਪਾਸੇ) ਚਲੀ ਜਾਂਦੀ ਹੈ ਤੇ ਸਾਹਿਬਾਂ ਸੋਚਾਂ ਵਿਚ ਬੈਠੀ ਵਿਖਾਈ ਦਿੰਦੀ ਹੈ।)

**ਪਰਦਾ ਡਿੱਗਦਾ ਹੈ.......**

# ਸਾਹਿਬਾਂ
## (ਛੇਵਾਂ ਅੰਕ)

ਭੈਣ ਜੀਹਦੀ ਮਾਰ ਗਈ ਹੈ ਨੈਣਾਂ ਦਿਆਂ ਤੀਰਾਂ ਨਾਲ,
ਦਿਲ ਉੱਤੇ ਸਹਿ ਲਊਂ ਉਹਦੇ ਵੀਰ ਦੀ ਕਟਾਰ ਨੂੰ।
ਮਰਦਾਂ ਨੂੰ ਸੋਭਦਾ ਨਹੀਂ ਪਿਆਰ ਪਾ ਕੇ ਛੱਡ ਜਾਣਾ,
ਰੋਂਦਾ ਵੇਖ ਸਕਾਂ ਨਾ ਮੈਂ ਸੋਹਣੇ ਦਿਲਦਾਰ ਨੂੰ।

**ਪਰਦਾ ਉੱਠਦਾ ਹੈ ..........**

**ਸ਼ਾਮ ਦਾ ਸਮਾਂ**

(ਸਟੇਜ਼ ਦੀ ਬੈਕਰਾਉਂਡ 'ਚੋਂ ਸੁਰਮਈ ਆਵਾਜ਼ ਉਭਰਦੀ ਹੈ)

ਸੁਣ ਆਪਣੇ ਕਰਮੂ ਯਾਰ ਤੋਂ,
ਸਾਹਿਬਾਂ ਦੀ ਸਾਰੀ ਸਾਰ।
ਮਿਰਜ਼ਾ ਝੰਗ ਸਿਆਲੀ ਜਾਣ ਲਈ
ਬੱਕੀ ਨੂੰ ਕਰੇ ਤਿਆਰ।

[ਸਟੇਜ਼ ਉੱਪਰ ਮਿਰਜ਼ਾ, ਇਕ ਮੋਢੇ ਉੱਤੇ ਤੀਰ ਤੇ ਦੂਜੇ ਮੋਢੇ ਉੱਤੇ ਕਮਾਨ ਪਾ ਕੇ ਤੇ ਹੱਥ ਵਿਚ ਘੋੜੀ ਦੀਆਂ ਲਗਾਮਾਂ ਫੜ੍ਹ ਕੇ ਖੜ੍ਹਾ ਹੈ। (ਘੋੜੀ ਲੱਕੜ ਜਾਂ ਗੱਤੇ ਦੀ ਵੀ ਬਣਾਈ ਜਾ ਸਕਦੀ ਹੈ।) ਪਰਿਵਾਰ ਦੇ ਸਾਰੇ ਮੈਂਬਰ ਉਸ ਨੂੰ ਝੰਗ ਸਿਆਲ ਵੱਲੀਂ ਜਾਣ ਤੋਂ ਵਰਜਦੇ ਹਨ]

**ਬਿੰਜਲ**

ਕਮਲ ਨਾ ਮਾਰ
ਗੱਲ ਸੁਣ ਪੁੱਤ ਮਿਰਜ਼ਿਆ ਉਏ,
ਮਾਣ-ਮੱਤਿਆ ਤੂੰ ਕਰ
ਮੇਰੇ ਵੱਲੀਂ ਕੰਨ ਉਏ!

ਔਰਤਾਂ ਤੋਂ ਵਫ਼ਾ ਦੀ ਨਾ
ਰੱਖ ਕੋਈ ਆਸ ਇਹੇ,
ਆਪੇ ਹੀ ਬਣਾ ਕੇ ਹੱਥੀਂ

ਆਪੇ ਦੇਣ ਭੰਨ ਉਏ!
ਰੰਨ ਪਿੱਛੇ ਲੱਗ
ਮਿੱਟੀ ਰੋਲ ਨਾ ਜਵਾਨੀ ਹਾੜ੍ਹਾ,
ਆਖੇ ਲੱਗ ਬਾਪ ਦੇ
ਤੂੰ ਮੇਰੇ ਸੋਹਣੇ ਚੰਨ ਉਏ!

ਇੱਜ਼ਤ ਤੂੰ ਘਰ ਦੀ
ਸਹਾਰਾ ਬੁੱਢੇ ਬਾਪ ਦਾ ਹੈਂ,
ਮੋੜ ਵਾਗਾਂ ਬੱਕੀ ਨੂੰ ਤੂੰ
ਕਿੱਲੇ ਉੱਤੇ ਬੰਨ੍ਹ ਉਏ!

## ਮਿਰਜ਼ਾ

ਸੁਣੋ ਅੱਬਾ ਜਾਨ ਜੀ
ਜਵਾਨੀ ਵਿਚ ਹਰ ਕੋਈ,
ਇਕ ਦਿਨ ਮਾਰਦਾ
ਆਵਾਜ਼ ਹੈ ਪਿਆਰ ਨੂੰ।

ਇਸ਼ਕ ਸੁਰਾਹੀ ਵਿਚੋਂ
ਭਰੀ ਨਹੀਂ ਘੁੱਟ ਜੀਹਨੇ,
ਉਹ ਕੀ ਭਲਾਂ ਜਾਣੇ
ਇਹਦੇ ਨਸ਼ੇ ਵਾਲੀ ਸਾਰ ਨੂੰ।

ਮੇਰੇ ਲਈ ਸਾਹਿਬਾਂ ਜੱਟੀ
ਤਲੀ ਉੱਤੇ ਜਿੰਦ ਰੱਖੀ,
ਮੈਂ ਵੀ ਜਿੰਦ ਵਾਰ ਕੇ
ਨਿਭਾਉਣਾ ਇਕਰਾਰ ਨੂੰ।

ਯਾਰ ਵੱਲੋਂ ਮੁੱਖ ਹੈ
ਭੁਆਉਣਾ ਮਿਹਣਾ ਆਸ਼ਕਾਂ ਨੂੰ,
ਦਿਲ 'ਚ ਵਸਾ ਕੇ
ਪੂਜਾਂ ਰੱਬ ਵਾਂਗੂੰ ਯਾਰ ਨੂੰ।

ਮੇਰਿਆਂ ਰਾਹਾਂ ਦੇ ਵਿਚ
ਅੱਖੀਆਂ ਵਿਛਾਈਆਂ ਜੀਹਨੇ,
ਜਾਊਂਗਾ ਜ਼ਰੂਰ
ਉਸ ਸਾਹਿਬਾਂ ਦੀ ਮੈਂ ਸਾਰ ਨੂੰ।

ਭੈਣ ਜੀਹਦੀ ਮਾਰ ਗਈ ਹੈ
ਨੈਣਾਂ ਦਿਆਂ ਤੀਰਾਂ ਨਾਲ
ਦਿਲ ਉੱਤੇ ਸਹਿ ਲਊਂ
ਉਹਦੇ ਵੀਰ ਦੀ ਕਟਾਰ ਨੂੰ।

ਮਰਦਾਂ ਨੂੰ ਸ਼ੋਭਦਾ ਨਹੀਂ
ਪਿਆਰ ਪਾ ਕੇ ਛੱਡ ਜਾਣਾ,
ਰੋਂਦਾ ਵੇਖ ਸਕਾਂ ਨਾ ਮੈਂ
ਸੋਹਣੇ ਦਿਲਦਾਰ ਨੂੰ!

(ਮਿਰਜ਼ਾ ਅਗਾਂਹ ਵੱਲੀਂ ਕਦਮ ਪੁੱਟਣ ਲੱਗਦਾ ਹੈ ਪਰ ਉਸਦੀ ਮਾਂ ਨਸੀਬੋ ਉਸਦੇ ਅੱਗੇ ਹੋ ਜਾਂਦੀ ਹੈ।)

**ਨਸੀਬੋ**

ਭੈੜੇ ਨੇ ਸਿਆਲ

ਤੈਨੂੰ ਜਿਉਂਦਾ ਆਉਣ ਦੇਣਗੇ ਨਾ,
ਦਿਲ ਵਿਚੋਂ ਕੱਢ ਦੇ ਵੇ
ਸਾਹਿਬਾਂ ਦੇ ਖਿਆਲ ਨੂੰ।

ਰਿੰਨ੍ਹ ਦਿਲ ਯਾਰ ਦਾ
ਸੁਆਦ ਨਾਲ ਖਾਂਦੀਆਂ ਨੇ,
ਜਾਣਦੀ ਹਾਂ ਚੰਗੀ ਤਰ੍ਹਾਂ
ਰੰਨਾਂ ਦੀ ਮੈਂ ਚਾਲ ਨੂੰ।

ਕੋਠੇ ਜਿੱਡਾ ਕੀਤਾ
ਤੈਨੂੰ ਪਾਲ-ਪੋਸ ਸੋਹਣਿਆਂ ਵੇ,
ਹਾੜ੍ਹਾ! ਨਾ ਜੜ੍ਹਾਂ 'ਚੋਂ ਵੱਢ
ਮਮਤਾ ਦੀ ਡਾਲ ਨੂੰ।

ਭੈਣ ਤੇਰੀ ਵੇਖ
ਖੜ੍ਹੀ ਭਰਦੀ ਸਿਸਕੀਆਂ ਵੇ,
ਨਿਰਮੋਹਿਆ ਕਰ
ਜ਼ਰਾ ਉਹਦੇ ਵੀ ਖਿਆਲ ਨੂੰ।

ਤੇਰੇ ਬਿਨਾਂ ਡੋਲੀ 'ਚ
ਬਿਠਾਊ ਚੁੱਕ ਕਿਹੜਾ ਉਹਨੂੰ ,
ਧਰਿਆ ਹੈ ਵਿਆਹ ਉਹਦਾ
ਏਸੇ ਹੀ ਸਿਆਲ ਨੂੰ।

(ਮਿਰਜ਼ੇ ਦਾ ਸਿਰ ਵਕਤੀ ਤੌਰ ਤੇ ਮਾਂ ਦੀ
ਮਮਤਾ ਅੱਗੇ ਝੁਕ ਜਾਂਦਾ ਹੈ।)

## ਬਿੰਜਲ

ਆਪ-ਹੁਦਰਿਆ
ਸੁਣ ਗੌਰ ਨਾਲ  ਗੱਲ ਮੇਰੀ,
ਅੱਲੜ੍ਹਪੁਣੇ 'ਚ ਐਵੇਂ
ਝੱਜੂ ਨਾ ਖਿਲਾਰ ਉਏ!

ਕੱਢ ਕੇ ਲਿਆਉਣੀ ਹੈ
ਬਿਗਾਨੀ ਧੀ ਗੁਨਾਹ ਵੱਡਾ,
ਆਖੇ ਲੱਗ ਮੇਰੇ
ਪੁੱਠਾ ਚੰਦ ਨਾ ਕੋਈ ਚਾੜ੍ਹ ਉਏ!

ਇੱਜ਼ਤ ਪਰ੍ਹੇ 'ਚ
ਪੱਟੀ ਜਾਊ ਦੋਹਾਂ ਘਰਾਂ ਦੀ ਜੋ,
ਚੰਗੀ ਤਰ੍ਹਾਂ ਕਮਲਿਆ ਤੂੰ
ਸੋਚ ਤੇ ਵਿਚਾਰ ਉਏ!

ਕੱਢ ਕੇ ਬਿਗਾਨੀ ਧੀ ਨੂੰ
ਸੌਖਾ ਨਹੀਂ ਲਿਆਉਣਾ ਹੁੰਦਾ,
ਡਾਗਾਂ ਵਾਲੇ ਦਿੰਦੇ ਨੇ
ਰਾਹਾਂ ਦੇ ਵਿਚ ਮਾਰ ਉਏ!

ਗਿੱਚੀ ਪਿੱਛੇ ਮੱਤ ਵਾਲੀ
ਰੰਨ ਦੇ ਤੂੰ ਪਿੱਛੇ ਲੱਗ,
ਬੁੱਢੇ ਵਾਰੇ ਕਰੇਂ
ਮੈਨੂੰ ਖੱਜਲ ਖੁਆਰ ਉਏ!

ਸੁੱਖ ਕਦੇ ਪਾਂਵਦਾ ਨਹੀਂ
ਮੰਨੇ ਨਾ ਜੋ ਮਾਂ ਪਿਉ ਦੀ,
ਬਿਨ ਆਈ ਮਰਦਾ
ਜੋ ਕਰਦਾ ਹੰਕਾਰ ਉਏ !

## ਮਿਰਜ਼ਾ

ਮਮਤਾ ਦੀ ਕਦਰ
ਤੇ ਬਾਬਲਾ ਇੱਜ਼ਤ ਤੇਰੀ,
ਸਿੱਪ-ਮੋਤੀ ਵਾਂਗੂੰ
ਵਿਚ ਦਿਲ ਦੀ ਡੂੰਘਾਈ ਦੇ।

ਵਾਸਤਾ ਈ ! ਸਾਹਿਬਾਂ ਵੱਲੀਂ
ਜਾਣ ਤੋਂ ਨਾ ਰੋਕੋ ਮੈਨੂੰ,
ਪਿਆਰ ਦਿਆਂ ਮਾਮਲਿਆਂ 'ਚ
ਵਿਘਣ ਨਹੀਂ ਪਾਈਏ।

ਸਾਹਿਬਾਂ ਬਾਝ ਜੀਣਾ
ਮੇਰੇ ਲਈ ਹੈ ਹਨੇਰ ਡਾਢਾ,
ਹਿਜ਼ਰਾਂ ਦੇ ਟੁੱਕ
ਮੇਰੇ ਕੋਲੋਂ ਨਹੀਂ ਖਾਈਦੇ।

ਸੱਜਣ ਜੇ ਮੰਗਿਆਂ ਨਾ
ਮਿਲਣ ਸਮਾਜ ਕੋਲੋਂ,
ਡੌਲਿਆਂ ਦੇ ਜ਼ੋਰ 'ਤੇ ਹੈ
ਖੋਹ ਕੇ ਲੈ ਆਈਦੇ।

ਇਸ਼ਕੇ ਦੇ ਰੋਗ ਦਾ ਨਾ
ਦਾਰੂ ਕੋਈ ਬਾਬਲਾ ਉਏ,
ਮਰਦਾਂ ਤੋਂ ਬੁੱਕਲਾਂ ’ਚ
ਮੂੰਹ ਨਹੀਂ ਲੁਕਾਈਦੇ।

ਕੱਲ੍ਹ ਜਦੋਂ ਚੰਧੜ
ਵਿਆਹ ਕੇ ਲੈ ਗਏ ਸਾਹਿਬਾਂ ਤਾਈਂ,
ਦਿਲ ਉੱਤੇ ਝੱਲੂੰ
ਕਿਵੇਂ ਤਾਹਨੇ ਮੈਂ ਲੋਕਾਈ ਦੇ।

(ਮਿਰਜ਼ੇ ਦੀ ਭੈਣ ਛੱਤੀ ਮਿਰਜ਼ੇ ਦੇ ਗਲ ਨਾਲ ਲੱਗਕੇ ਭੁੱਬੀ ਰੋ ਪੈਂਦੀ ਹੈ।)

### ਛੱਤੀ

ਲਾਡਲਾ ਹੈਂ ਵੀਰ ਮੇਰਾ
ਘਰ ਦਾ ਚਿਰਾ.ਗ ਹੈਂ ਤੂੰ,
ਇਕੋ ਮਾਂ ਦਾ ਆਪਾਂ ਦੋਹਾਂ
ਚੁੰਘਿਆ ਹੈ ਸ਼ੀਰ ਵੇ!

ਵੀਰ ਬਿਨਾਂ ਰਾਖੀ
ਦੱਸ ਕਿਹੜਾ ਕਰੂ ਭੈਣ ਦੀ,
ਤੇ ਦੁੱਧ ਬਿਨਾਂ ਦੱਸ
ਕਿਵੇਂ ਰਿੱਝ ਜਾਊਗੀ ਖੀਰ ਵੇ!

ਚੰਦ ਨਾਲੋਂ ਸੋਹਣੀ
ਤੈਨੂੰ ਭਾਬੀ ਲੱਭ ਕੇ ਮੈਂ ਦੇਊਂ,
ਸਾਹਿਬਾਂ ਰੰਨ ਪਿੱਛੇ

ਨਾ ਤੂੰ ਹੋ ਦਿਲਗੀਰ ਵੇ!

ਰੂਹ ਸਾਡੇ ਘਰ ਦੀ
ਤੂੰ ਮਾਰ ਨਾ ਉਡਾਰੀ ਹਾੜ੍ਹਾ!
ਦੱਸ ਫੇਰ ਕਰੇਗਾ ਕੀ
ਕੱਲੜਾ ਸਰੀਰ ਵੇ!

ਵਾਸਤਾ ਈ ਹੰਝੂਆਂ ਦਾ,
ਸਹੁੰ ਤੈਨੂੰ ਹਉਕਿਆਂ ਦੀ,
ਬੱਕੀ ਮੋੜ ਕਿੱਲੇ ਉੱਤੇ
ਬੰਨ੍ਹਦੇ ਤੂੰ ਵੀਰ ਵੇ।

(ਸਿਰ 'ਤੇ ਇਸ਼ਕ ਦਾ ਭੂਤ ਸਵਾਰ ਹੈ। ਮਿਰਜ਼ਾ ਕਿਸੇ ਦੀ ਵੀ ਨਹੀਂ ਮੰਨਦਾ ਤੇ ਵੇਂਹਦਿਆਂ ਵੇਂਹਦਿਆਂ ਨਿਗਾਹਾਂ ਤੋਂ ਦੂਰ ਹੋ ਜਾਂਦਾ ਹੈ, ਭਾਵ ਸਟੇਜ਼ ਤੋਂ ਥੱਲੇ ਉਤਰ ਜਾਂਦਾ ਹੈ। ਉਸਦੇ ਪਰਿਵਾਰ ਦੇ ਮੈਂਬਰ ਸਟੇਜ਼ ਉਪਰ ਚਿੰਤਾ 'ਚ ਡੁੱਬੇ ਖੜ੍ਹੇ ਵਿਖਾਈ ਦਿੰਦੇ ਹਨ।)

**ਪਰਦਾ ਡਿੱਗਦਾ ਹੈ .................**

# ਸਾਹਿਬਾਂ
## (ਸੱਤਵਾਂ ਅੰਕ)

ਜਿਸ ਨੂੰ ਯਾਰ ਬਣਾ ਲਈਏ
ਦਈਏ ਭੀੜ 'ਚ ਪੀੜ ਵੰਡਾ।
ਖ਼ੂਨ ਡੋਲ੍ਹੀਏ ਜਿੱਥੇ ਉਸਦਾ,
ਹੋਏ ਮੁੜ੍ਹਕਾ ਡੁੱਲ੍ਹ ਗਿਆ।

**ਪਰਦਾ ਉੱਠਦਾ ਹੈ .........**

**ਅੱਧੀ ਰਾਤ ਦਾ ਸਮਾਂ**

(ਸਟੇਜ਼ ਦੀ ਬੈਕਰਾਊਂਡ ਵਿਚੋਂ ਸੁਰਮਈ ਆਵਾਜ਼ ਉਭਰਦੀ ਹੈ.......)

ਮਾਸੀ ਬੀਬੋ ਮਦਦਗਾਰ ਸੀ
ਤੇ ਨਾਲ ਸੀ ਕਰਮੂ ਯਾਰ।
ਸਾਹਿਬਾਂ ਦੇ ਨਾਲ ਮਿਲਾਉਣ ਲਈ,
ਮਿਰਜ਼ੇ ਦੇ ਮੱਦਦਗਾਰ।
ਮਿਰਜ਼ੇ ਸਾਹਿਬਾਂ ਘਰੋਂ ਉਧਾਲ ਲਈ
ਜਦੋਂ ਰਾਤ ਸੀ ਅੱਧ ਵਿਚਕਾਰ।

(ਝੰਗ ਸਿਆਲ ਦੀ ਜੂਹ ਤੋਂ ਪਾਰ ਕੋਈ ਥਾਂ। ਚੰਦ ਜਦੋਂ ਬੱਦਲਾਂ ਦੇ ਓਹਲੇ ਹੋ ਜਾਂਦਾ ਹੈ ਤਾਂ ਹਨੇਰਾ ਜਾਪਦਾ ਹੈ ਤੇ ਜਦੋਂ ਬਾਹਰ ਆ ਜਾਂਦਾ ਹੈ ਤਾਂ ਕੁਝ ਕੁ ਦੂਰੀ ਤੋਂ ਬੰਦੇ ਦੀ ਪਛਾਣ ਸੰਭਵ ਹੋ ਜਾਂਦੀ ਹੈ। ਮਿਰਜ਼ਾ ਤੇ ਸਾਹਿਬਾਂ ਘੋੜੀ ਉੱਤੇ ਸਵਾਰ ਹੋਏ ਜਾਂਦੇ ਵਿਖਾਈ ਦਿੰਦੇ ਹਨ।)

(ਸਟੇਜ਼ ਦੀ ਇਕ ਨੁੱਕਰ ਤੋਂ, ਜਿਸ ਪਾਸੇ ਘੋੜੀ ਦਾ ਮੂੰਹ ਹੁੰਦਾ ਹੈ, ਫਿਰੋਜ਼ ਡੋਗਰ ਪ੍ਰਵੇਸ਼ ਕਰਦਾ ਹੈ ਤੇ ਮਿਰਜ਼ੇ ਤੇ ਸਾਹਿਬਾਂ ਨੂੰ ਮਿਲਦਾ ਹੈ। ਉਸ ਦੇ ਹੱਥਾਂ ਵਿਚ ਸ਼ਰਾਬ ਦੀ ਅੱਧੀ ਕੁ ਭਰੀ ਬੋਤਲ ਹੈ। ਫਿਰੋਜ਼ ਡੋਗਰ ਨਸ਼ੇ ਦੀ ਹਾਲਤ ਵਿਚ ਲੱਗਦਾ ਹੈ। ਚੰਦ ਬੱਦਲਾਂ ਓਹਲੇ ਹੋਣ ਕਰਕੇ ਉਹ ਮਿਰਜ਼ੇ ਤੇ ਸਾਹਿਬਾਂ ਨੂੰ ਪਹਿਚਾਣ ਨਹੀਂ

ਸਕਦਾ ਤੇ ਉਹਨਾਂ ਦਾ ਰਾਹ
ਰੋਕ ਕੇ ਪੁੱਛਦਾ ਹੈ।)

**ਫਿਰੋਜ਼ ਡੋਗਰ**

ਰਾਹੇ ਰਾਹੇ ਜਾਂਦਿਓ
ਰਾਹੀਓ! ਤੁਸੀਂ ਹੋ ਕੌਣ?
ਕੀਹਦੇ ਘਰ ਨੂੰ ਲੁੱਟਕੇ
ਬਣ ਚਲੇ ਹੋ ਪੌਣ?

**ਮਿਰਜ਼ਾ**

(ਡੋਗਰ ਦੀ ਆਵਾਜ਼ ਪਹਿਚਾਣ ਕੇ)
ਮੈਂ ਮਿਰਜ਼ਾ ਦਾਨਾਬਾਦ ਦਾ
ਮੇਰੇ ਸੰਗ ਸਿਆਲਾਂ ਦੀ ਧੀ।
ਰਾਹ ਛੱਡ ਦੇ ਸਾਡਾ ਡੋਗਰਾ
ਤੂੰ ਲੈਣਾ ਸਾਥੋਂ ਕੀ।

**ਫਿਰੋਜ਼ ਡੋਗਰਾ**

ਰਾਹ ਤੁਹਾਡਾ ਰੋਕਣ ਦੀ
ਮੈਨੂੰ ਕੀ ਲੋੜ ਪਈ
ਜਾਹੋ ਸੁਖੀ ਵਸੋ ਤੁਸੀਂ
ਮੇਰੀ ਦੁਨੀਆਂ ਉਜੜ ਗਈ।
(ਸਾਹਿਬਾਂ ਡੋਗਰ ਦੀ ਅੰਦਰਲੀ ਅਵਸਥਾ
ਤੋਂ ਜਾਣੂੰ ਹੈ ਤੇ ਬੋਲਦੀ ਹੈ।)

**ਸਾਹਿਬਾਂ**

ਸੋਹਣੀ ਕੁੜੀ ਨੂੰ ਕਰਦੇ ਨੇ ਵੇ
ਸੈਂਕੜੇ ਮੁੰਡੇ ਪਿਆਰ।
ਉਹਦੇ ਪਿੱਛੇ ਖ਼ੂਨ ਖਰਾਬੜੇ

ਵੀ ਹੋ ਜਾਂਦੇ ਕਈ ਵਾਰ।
ਪਰ ਸੌਖੇ ਨਹੀਂ ਚੁੰਮਣੇ
ਵੇ ਮਘਦੇ ਹੋਏ ਅੰਗਾਰ।

ਖੰਜਰ ਬਣਕੇ ਲਟਕਦੀ
ਸਾਂ ਮੈਂ ਥੋੜੇ ਵਿਚਕਾਰ
ਮਿਰਜ਼ਾ ਮੈਨੂੰ ਮੋਹ ਗਿਆ
ਟੱਪ ਕੇ ਤਿੱਖੀ ਧਾਰ।

ਔਰਤ ਚਾਹੁੰਦੀ ਝੱਲਿਆ
ਕੋਈ ਉਸਦਾ ਹੱਥ ਫੜ੍ਹੇ।
ਨਾ ਕਿ ਬੁਜ਼ਦਿਲ ਬਣਕੇ
ਰਹੇ ਪਰ੍ਹੇ-ਪਰ੍ਹੇ।
ਕਹਿਣ ਦੀ ਹਿੰਮਤ ਨਾ ਹੋਵੇ
ਉਂਜ ਪਰ ਇਸ਼ਕ ਕਰੇ।

ਔਰਤ ਚਾਹੁੰਦੀ ਉਸਦੇ
ਕੋਈ ਸੀਨੇ ਹੱਥ ਧਰੇ।
ਇਕ ਦੂਜੇ ਦੀ ਮੈਂ ਵੇ
ਇਕ ਦੂਜੇ ਵਿਚ ਮਰੇ।

ਪਿਆਰ ਦੀ ਇੰਤਹਾ ਹੈ
ਜਦ ਕੋਈ ਸਾਹੀਂ ਸਾਹ ਭਰੇ।
ਪਰ ਉਹਨਾਂ ਸਾਹਾਂ ਅੰਦਰ
ਇਕ ਮਹਿਕ ਵੀ ਗੱਲ ਕਰੇ।
ਤੇ ਉਹ ਮਹਿਕ ਕਿਸੇ ਵਿਰਲੜੇ
ਸਾਹ ਦੀ ਨਦੀ ਤਰੇ।

**ਮਿਰਜ਼ਾ**

ਸਾਡਾ ਰਾਹ ਰੋਕਣ ਵਾਲਿਆ
ਆ ਕਰੀਏ ਦੋ–ਦੋ ਹੱਥ।
ਮੇਰੇ ਨਾਲ ਸਾਹਿਬਾਂ ਨੂੰ ਵੇਖਕੇ
ਗਿਆ ਅੰਦਰੋਂ ਬਾਹਰੋਂ ਮੱਚ।

(ਮਿਰਜ਼ਾ ਮੋਢਿਓਂ ਤੀਰਕਮਾਣ ਲਾਹ ਕੇ, ਦੂਜੇ ਹੱਥ ਨਾਲ ਤੀਰਾਂ ਵਾਲੇ ਭੱਥੇ 'ਚੋਂ ਤੀਰ ਕੱਢਣ ਲੱਗਦਾ ਹੈ ਪਰ ਸਾਹਿਬਾਂ ਉਸਦਾ ਹੱਥ ਫੜ੍ਹਕੇ ਉਸਨੂੰ ਰੋਕ ਦਿੰਦੀ ਹੈ।)

**ਸਾਹਿਬਾਂ**

ਆਸ਼ਕ ਖੁਦ ਮਰ ਜਾਂਵਦੇ
ਨਾ ਸਕਣ ਕਿਸੇ ਨੂੰ ਮਾਰ।
ਇਸ਼ਕ ਕਦੇ ਨਾ ਪਾਂਵਦਾ
ਗਲ ਆਦਮ–ਸਿਰਾਂ ਦਾ ਹਾਰ।
ਜਿਸ ਸਿਰ ਲਹੂ ਦਾ ਕਰਜ਼ਾ
ਭੱਠ ਪਏ ਉਹ ਪਿਆਰ।

ਭੁੱਲਦਾ ਹੈਂ ਤੂੰ ਮਿਰਜ਼ਿਆ
ਹੈ ਤੇਰਾ ਗਲਤ ਖਿਆਲ।
ਇਸ਼ਕ ਨਾ ਜਿੱਤੇ ਜਾਂਵਦੇ
ਤਲਵਾਰਾਂ ਦੇ ਨਾਲ।
ਪਿਆਰ ਜਿੱਤੀ ਦੇ ਮਹਿਰਮਾ!
ਪਿਆਰਾਂ ਦੇ ਹੀ ਨਾਲ।
ਜੇ ਇਸ਼ਕ ਸਾਡੇ 'ਤੇ ਲਹੂ ਦੀ
ਗਈ ਇਕ ਵੀ ਬੂੰਦ ਚੋਅ।
ਇਸ਼ਕ ਅਸਾਡਾ ਸਦਾ ਲਈ
ਦਾਗ਼ੀ ਜਾਏਗਾ ਹੋ।

ਦਾਗ਼ੀ ਇਸ਼ਕ ਤੋਂ ਚੰਗੀ ਹੈ ਵੇ
ਨਫ਼ਰਤ ਵੀ ਗੁਣੇ ਸੌ।

**ਫਿਰੋਜ਼ ਡੋਗਰ**

(ਸਾਹਿਬਾਂ ਨੂੰ ਸੰਬੋਧਨ ਕਰਕੇ)
ਕੁਝ ਹਉਕੇ ਖਾ-ਖਾ ਕੱਟ ਲਈ
ਕੁਝ ਹੰਝੂ ਪੀ ਲਊਂ ਕੱਟ।
ਜਾਹ ਸਾਹਿਬਾਂ ਸੁੱਖਾਂ ਲੱਧੀਏ
ਤੂੰ ਸੁੱਖੀ ਸਾਂਦੀ ਵਸ।

[ਮਯੂਸ ਡੋਗਰ ਉਹਨਾਂ ਦਾ ਰਾਹ ਛੱਡ ਕੇ ਪਿੰਡ ਵੱਲੀਂ ਹੋ ਤੁਰਦਾ ਹੈ। ਮਿਰਜ਼ਾ ਤੇ ਸਾਹਿਬਾਂ ਆਪਣੀ ਮੰਜ਼ਲ ਵੱਲ ਵਧਦੇ ਹਨ। (ਭਾਵ ਸਟੇਜ਼ ਦੀ ਇਕ ਨੁੱਕਰ ਤੋਂ ਦੂਜੀ ਨੁੱਕਰ ਵਾਲੇ ਪਾਸੇ ਆ ਜਾਂਦੇ ਹਨ) ਅਤੇ ਡੋਗਰ ਦੂਜੀ ਨੁੱਕਰ ਵੱਲੀਂ ਜਾ ਕੇ ਸਟੇਜ਼ ਤੋਂ ਉੱਤਰ ਜਾਂਦਾ ਹੈ।]

**ਮਿਰਜ਼ਾ**

ਸਾਹਿਬਾਂ ਜਾਪੇ ਜਿਉਂ ਤੈਨੂੰ
ਕੋਈ ਚਿੰਤਾ ਰਹੀ ਸਤਾਅ।
ਕਿਤੇ ਘਰ ਦਾ ਮੋਹ ਤਾਂ ਨਹੀਂ ਆ ਗਿਆ
ਵਿਚ ਰੋਹੀ ਦੇ ਆ

**ਸਾਹਿਬਾਂ**

ਮੈਂ ਮੰਨਾਂ ਲਹੂ ਦੇ ਰਿਸ਼ਤਿਆਂ
ਦਾ ਡਾਢਾ ਹੁੰਦੈ ਮੋਹ।

ਅਚਨਚੇਤ ਹੀ ਜਾਗਕੇ
ਪਾ ਦੇਣ ਦਿਲ ਵਿਚ ਖੋਹ।

ਜੇ ਘਰ ਦੇ ਮੋਹ ਤੋਂ ਮਿੱਠੜਾ
ਹੁੰਦਾ ਨਾ ਤੇਰਾ ਪਿਆਰ।
ਕਾਹਤੋਂ ਘਰੋਂ ਤੇਰੇ ਨਾਲ ਭੱਜਦੀ
ਲੈਂਦੀ ਜੱਗ ਤੋਂ ਕਿਉਂ ਫਟਕਾਰ।
ਤੇਰੇ ਇਸ਼ਕ ਦੀ ਖਾਤਿਰ ਮਹਿਰਮਾ!
ਟੱਪੀ ਕੰਡਿਆਲੀ ਵਾੜ।

ਜਿਸ ਨੂੰ ਯਾਰ ਬਣਾ ਲਈਏ
ਦਈਏ ਭੀੜ 'ਚ ਪੀੜ ਵੰਡਾ।
ਖ਼ੂਨ ਡੋਲ੍ਹੀਏ ਜਿੱਥੇ ਉਸ ਦਾ
ਹੋਏ ਮੁੜ੍ਹਕਾ ਡੁੱਲ੍ਹ ਗਿਆ।
ਮੂੰਹੋਂ ਰਿਸ਼ਤੇ ਬੋਲ ਕੇ
ਦਈਏ ਸਿਰਾ ਦੇ ਨਾਲ ਨਿਬਾਹ।

ਵਧ ਮੰਜ਼ਿਲ ਵੱਲੀਂ ਬੇਲੀਆ!
ਨਾ ਗੱਲੀਂ ਵਕਤ ਲੰਘਾ।
ਮੇਰੇ ਸੁਪਨਿਆਂ ਦੇ ਵਿਚ ਵਸਿਆ
ਵੇ ਮੈਨੂੰ ਦਾਨਾਬਾਦ ਵਿਖਾ।
ਸੰਦਲ ਭਿੱਜੀ ਜਿਸ ਦੀ
ਹੈ ਨਿੱਘੀ-ਨਿੱਘੀ ਫਿਜ਼ਾ।

(ਮਿਰਜ਼ਾ ਤੇ ਸਾਹਿਬਾਂ ਘੋੜੀ ਉੱਤੇ ਸਵਾਰ
ਹੋਏ ਅੱਗੇ ਵੱਲ ਵਧਦੇ ਹਨ।)

**ਪਰਦਾ ਡਿੱਗਦਾ ਹੈ ...............**

# ਸਾਹਿਬਾਂ

## (ਅੱਠਵਾਂ ਅੰਕ)

ਭੁੱਲ ਹੋਗੀ ਮੈਥੋਂ ਹਾਣੀਆਂ,
ਕੋਈ ਹੋਣੀ ਖੇਡ ਗੀ ਚਾਲ।
ਇਕ ਦਿਲ ਸੁੱਖ ਵੀਰ ਦੀ ਲੋੜਦਾ,
ਇਕ ਦਿਲ ਹੈ ਤੇਰੇ ਨਾਲ।
ਮੈਂ ਦੋ ਚਿੱਤੀ ਵਿਚ ਫਸ ਗਈ,
ਜਿਵੇਂ ਉਲਝੇ ਕੋਈ ਸਵਾਲ।

**ਪਰਦਾ ਉੱਠਦਾ ਹੈ .......**

**ਰਾਤ ਦਾ ਸਮਾਂ।**

(ਮਿਰਜ਼ਾ ਤੇ ਸਾਹਿਬਾਂ ਝੰਗ ਸਿਆਲ ਅਤੇ ਦਾਨਾਬਾਦ ਦੇ ਦਰਮਿਆਨ ਆਉਂਦੇ ਰੋਹੀ ਬੀਆਬਾਨ (ਬੀੜ੍ਹ) ਦੇ ਇਲਾਕੇ ਵਿਚੋਂ ਗੁਜ਼ਰ ਰਹੇ ਹਨ। ਮਿਰਜ਼ਾ ਅਚਾਨਕ ਹੀ ਜੰਡ ਦੇ ਬਿਰਖ ਕੋਲ ਘੋੜੀ ਰੋਕ ਲੈਂਦਾ ਹੈ।)

**ਮਿਰਜ਼ਾ**

ਮੈਨੂੰ ਦੋ ਰਾਤਾਂ ਦਾ ਨੀਂਦਰਾ
ਰਹੀ ਨੀਂਦ ਗਜ਼ਬ ਦੀ ਆ।
ਫਿਰ ਚਲਦੇ ਹਾਂ ਦਾਨਾਬਾਦ ਨੂੰ
ਲਵਾਂ ਪਲ ਕੁ ਅੱਖ ਮੈਂ ਲਾ।

(ਸਾਹਿਬਾਂ ਮਿਰਜ਼ੇ ਵੱਲ ਮਿੱਠੀ ਘੂਰ ਨਾਲ ਤੱਕਦੀ ਹੈ ਤੇ ਕਹਿੰਦੀ ਹੈ)

**ਸਾਹਿਬਾਂ**

ਜੱਟਾ ਕੱਢ ਬਿਗਾਨੀ ਧੀ ਨੂੰ
ਤੂੰ ਨਾ ਬਣ ਬੇਪਰਵਾਹ।
ਲਸ਼ਕਰ ਵੀਰ ਸ਼ਮੀਰ ਦਾ
ਸਾਡੇ ਪਿੱਛੇ ਗਿਆ ਜੇ ਆ।
ਅਸੀਂ ਘਿਰ ਜਾਣਾ ਵਿਚ ਦਲਾਂ ਦੇ
ਲੰਘਾਂ ਗੇ ਕਿਹੜੇ ਰਾਹ ?

### ਮਿਰਜ਼ਾ

ਤੂੰ ਰੱਖ ਭਰੋਸਾ ਜੱਟ ’ਤੇ
ਨਾ ਮੂਲੋਂ ਹੀ ਘਬਰਾਅ।
ਮੇਰੇ ਤੀਰ ਤਾਂ ਸੱਪ ਦੀ ਜੀਭ ਨੇ
ਜੀਹਦੇ ਵੱਜਣ ਦੇਣ ਮੁਕਾਅ।
ਤਿੰਨ ਸੌ ਕਾਨੀ ਭੱਥੇ ਵਿਚ ਨੀ
ਦੇਵਾਂ ਵੈਰੀਆਂ ਵਿਚ ਵਰਤਾਅ।

ਪਹਿਲਾ ਤੀਰ ਨੀ ਮਾਰੂੰ ਉਸ ਦੇ
ਜਿਹੜਾ ਆਇਆ ਲੈਣ ਨਿਕਾਹ।
ਮੈਂ ਚੰਧੜ ਚੰਦਰਾ ਮਾਰਨਾ
ਸਾਡਾ ਰਿਹਾ ਸੀ ਵਿਛੋੜਾ ਪਾ।

ਦੂਜਾ ਮਾਰੂੰ ਨੀ ਤੀਰ ਸ਼ਮੀਰ ਦੇ
ਜਿਹੜਾ ਤੇਰਾ ਵੱਡਾ ਭਰਾ।
ਮੈਂ ਚੁਣ-ਚੁਣ ਵੈਰੀ ਮਾਰਨੇ
ਦੇਣੇ ਢੇਰ ਲਾਸ਼ਾਂ ਦੇ ਲਾ।

(ਮਿਰਜ਼ਾ ਜੰਡ ਦੇ ਬਿਰਖ ਦੇ ਨਾਲ ਘੋੜੀ ਬੰਨ੍ਹ ਕੇ, ਆਪਣਾ ਤਰਕਸ਼ (ਭੱਥਾ) ਤੇ ਤੀਰਕਮਾਣ ਜੰਡ ਦੇ ਬਿਰਖ ਨਾਲ ਟੰਗ ਦਿੰਦਾ ਹੈ। ਫਿਰ ਉਹ ਸਾਹਿਬਾਂ ਦੀ ਬੁੱਕਲ ਵਿਚ ਸਿਰ ਰੱਖ ਕੇ ਸੌਂਅ ਜਾਂਦਾ ਹੈ। ਸਾਹਿਬਾਂ ਸੋਚਾਂ ਵਿਚ ਗਵਾਚੀ ਹੋਈ ਹੈ।)

### ਸਾਹਿਬਾਂ

ਇਹਨੇ ਅੱਬਾ ਜੇ ਮੇਰਾ ਮਾਰ ਤਾ
ਮੇਰੇ ਸਿਰ ਤੋਂ ਉਠ ਜੂ ਛਾਂ।

ਇਹਨੇ ਵੀਰ ਜੇ ਮੇਰਾ ਮਾਰਤਾ
ਸਾਡਾ ਜੱਗ ’ਤੇ ਨਾ ਰਹਿਣਾ ਨਾਂ।
ਮੇਰੀ ਭਾਬੀ ਵਿਧਵਾ ਹੋ ਜਾਊ
ਹੋ ਜਾਣੀ ਨਿਖਸਮੀ ਮਾਂ।
ਸਾਡਾ ਟੱਬਰ ਕਬੀਲਾ ਰੁਲ ਜਾਊ
ਜਿਵੇਂ ਭੌਣ ਤੋਂ ਟੁੱਟ ਜੇ ਲਾਂ।

(ਸਾਹਿਬਾਂ ਆਪਣੀ ਬੁੱਕਲ ਵਿਚੋਂ, ਸੁੱਤੇ ਪਏ ਮਿਰਜ਼ੇ ਦਾ ਸਿਰ ਪਾਸੇ ਕਰਕੇ, ਅਰਧ-ਚੇਤਨ ਅਵਸਥਾ ਵਿਚ ਉਠਦੀ ਹੈ ਤੇ ਜੰਡ ਨਾਲੋਂ ਲਾਹ ਕੇ ਮਿਰਜ਼ੇ ਦਾ ਤੀਰਕਮਾਣ ਅਤੇ ਕਾਨੀਆਂ ਤੋੜ ਦਿੰਦੀ ਹੈ। ਫਿਰ ਆਪਣੇ ਆਪ ਨੂੰ ਕੋਸਦੀ ਹੈ।)

**ਸਾਹਿਬਾਂ**

ਹਾਏ! ਹਾਏ ਨੀ!! ਸਾਹਿਬਾਂ ਚੰਦਰੀਏ!!!
ਇਹ ਤੂੰ ਕੀਤਾ ਕੀ?
ਤੇਰੇ ਅੰਦਰੋਂ ਮਰੀ ਪ੍ਰੇਮਿਕਾ
ਤੂੰ ਬਣੀ ਭੈਣ ਤੇ ਧੀ।
ਤੂੰ ਝੂਠੀ ਪੈ ਗੀ ਯਾਰ ਤੋਂ
ਨੀ ਰਤਾ ਨਾ ਕੀਤੀ ਸੀਅ।

(ਅਚਾਨਕ ਸਟੇਜ਼ ਦੇ ਪਿਛਲੇ ਪਾਸਿਓਂ, ਘੋੜੀਆਂ ਦੇ ਟਾਪਾਂ ਤੇ ਲਸ਼ਕਰੀ ਭੀੜ ਦੇ ਸ਼ੋਰ ਦੀ ਆਵਾਜ਼ ਸੁਣਾਈ ਦਿੰਦੀ ਹੈ। ਮਿਰਜ਼ਾ ਇਹ ਸ਼ੋਰ ਸੁਣ ਕੇ ਜਾਗ ਪੈਂਦਾ ਹੈ।)

**ਮਿਰਜ਼ਾ**

ਸਾਹਿਬਾਂ ਹਿਣਕਣ ਘੋੜੀਆਂ
ਰਿਹਾ ਹੈ ਕੋਈ ਆ।

ਲਸ਼ਕਰ ਭਾਰੀ ਜਾਪਦਾ
ਖੜਕ ਰਿਹਾ ਹੈ ਘਾਹ।

**ਸਾਹਿਬਾਂ**

ਹਾਂ ਹਾਂ ਦਿਲ ਦੇ ਜਾਨੀਆਂ!
ਪ੍ਰਤੱਖ ਦਿਸ ਰਿਹਾ।
ਭੱਜੀਆਂ ਆਉਂਦੀਆਂ ਘੋੜੀਆਂ
ਰਹੀਆਂ ਧੂੜ ਉਡਾ।

(ਮਿਰਜ਼ਾ ਮੁਕਾਬਲੇ ਲਈ ਤੀਰਕਮਾਣ ਤੇ ਤਰਕਸ਼(ਭੱਥਾ) ਜੰਡ ਨਾਲੋਂ ਲਾਹੁਣ ਲਈ ਅਹੁਲਦਾ ਹੈ ਤਾਂ ਤੀਰਕਮਾਣ ਤੇ ਕਾਨੀਆਂ ਟੁੱਟੀਆਂ ਵੇਖ ਕੇ ਹੈਰਾਨ ਹੋ ਜਾਂਦਾ ਹੈ। ਉਹ ਸਾਹਿਬਾਂ ਵੱਲ ਗੁਸੈਲੀ ਨਜ਼ਰ ਨਾਲ ਤੱਕਦਿਆਂ ਬੋਲਦਾ ਹੈ।)

**ਮਿਰਜ਼ਾ**

ਸਾਹਿਬਾਂ ਮੇਰੇ ਨਾਲ ਤੂੰ
ਧੋਖਾ ਗਈ ਕਮਾਅ।
ਤੈਨੂੰ ਮੋਹ ਵੀਰ ਦਾ ਆ ਗਿਆ
ਦਿੱਤੇ ਪਿਆਰ ਦੇ ਕੌਲ ਭੁਲਾਅ।
ਮੈਨੂੰ ਕਰ ਨਿਹੱਥਾ ਮੌਤ ਦੇ
ਤੂੰ ਮੂੰਹ ਵਿਚ ਦਿੱਤਾ ਪਾ।

**ਸਾਹਿਬਾਂ**

ਭੁੱਲ ਹੋ ਗੀ ਮੈਥੋਂ ਹਾਣੀਆਂ
ਕੋਈ ਹੋਣੀ ਖੇਡ ਗੀ ਚਾਲ।
ਇਕ ਦਿਲ ਸੁੱਖ ਵੀਰ ਦੀ ਲੋੜਦਾ

ਇਕ ਦਿਲ ਹੈ ਤੇਰੇ ਨਾਲ।
ਮੈਂ ਦੋ-ਚਿੱਤੀ ਵਿਚ ਫਸ ਗਈ
ਜਿਵੇਂ ਉਲਝੇ ਕੋਈ ਸਵਾਲ।
ਟੁੱਟ ਗਈਆਂ ਅਚੇਤੇ ਕਾਨੀਆਂ
ਮੈਥੋਂ ਸੁਰਤ ਨਾ ਹੋਈ ਸੰਭਾਲ।
ਮੈਂ ਆਪਣੇ ਮੱਥੇ ਮੜ੍ਹ ਲਈ
ਕੋਈ ਯੁੱਗਾਂ-ਯੁੱਗਾਂ ਦੀ ਗਾਲ੍ਹ।

(ਸਿਆਲਾਂ ਤੇ ਚੰਧੜਾਂ ਦੇ ਲਸ਼ਕਰ ਜੰਡ ਦੇ ਬਿਰਖ ਦੇ ਨੇੜੇ ਆ ਜਾਂਦੇ ਹਨ। ਸ਼ਮੀਰ ਹੱਥ ਵਿਚ ਨੰਗੀ ਤਲਵਾਰ ਲੈ ਕੇ ਨਿਹੱਥੇ ਖੜ੍ਹੇ ਮਿਰਜ਼ੇ ਵੱਲ ਵਧਦਾ ਹੈ।)

**ਸ਼ਮੀਰ**

ਕਿਧਰ ਚੱਲਿਆਂ ਮਿਰਜ਼ਿਆ
ਕੱਢ ਬਿਗਾਨੀ ਧੀ।
ਤੇਰੀ ਬੋਟੀ-ਬੋਟੀ ਕਰਨੀ
ਤੇ ਲੈਣੇ ਸੀਰਮੇ ਪੀ।

**ਮਿਰਜ਼ਾ**

ਮਿਰਜ਼ਾ ਕੋਈ ਬੁਜ਼ਦਿਲ ਨਹੀਂ
ਛੱਡ ਭੱਜ ਜਾਏ ਜੋ ਮੈਦਾਨ।
ਮੈਂ ਤਾਂ ਧਾਰ ਘਰੋਂ ਹੀ ਚੱਲਿਆ
ਸੀ ਮੌਤ ਦੇ ਤਾਈਂ ਵਿਆਹਣ।

(ਸਾਹਿਬਾਂ ਸ਼ਮੀਰ ਤੇ ਮਿਰਜ਼ੇ ਦੇ ਵਿਚਕਾਰ ਆ ਜਾਂਦੀ ਹੈ ਤੇ ਸ਼ਮੀਰ ਨੂੰ ਸੰਬੋਧਨ ਕਰਕੇ ਬੋਲਦੀ ਹੈ।)

**ਸਾਹਿਬਾਂ**

ਸੁਣ ਵੇ! ਵੀਰਨ ਮੇਰਿਆ, ਵਰ ਖੁਦ ਲੱਭਣਾ ਜੇ ਪਾਪ।
ਤਾਂ ਇਹ ਜਿੰਦ ਵੀ ਕੋਈ ਵਰ ਨਹੀਂ, ਇਹ ਹੈ ਇਕ ਸਰਾਪ।
ਹੰਝੂਆਂ ਦੀ ਨਿਰਸ਼ਬਦ ਕਥਾ
ਜਾਂ ਸੁਪਨਿਆਂ ਦੀ ਕੋਈ ਲਾਸ਼।
ਮੇਰੇ ਮਿਰਜ਼ੇ ਨੂੰ ਨਾ ਮਾਰਿਓ
ਸਾਡਾ ਯੁੱਗਾਂ-ਯੁੱਗਾਂ ਦਾ ਸਾਥ।

(ਗੁੱਸੇ ਨਾਲ ਭਰਿਆ ਸ਼ਮੀਰ ਸਾਹਿਬਾਂ ਨੂੰ ਧੱਕਾ ਦੇ ਕੇ ਪਿਛਾਂਹ ਸੁੱਟ ਦਿੰਦਾ ਹੈ। ਚੰਧੜ ਤੇ ਸਿਆਲ ਭੁੱਖੇ ਬਘਿਆੜ ਵਾਂਗ ਮਿਰਜ਼ੇ ਉੱਤੇ ਟੁੱਟ ਪੈਂਦੇ ਹਨ। ਮਿਰਜ਼ਾ ਨਿਹੱਥਾ ਹੀ ਉਨ੍ਹਾਂ ਨਾਲ ਮੁਕਾਬਲਾ ਕਰਦਾ ਹੈ। ਸਾਹਿਬਾਂ ਮਿਰਜ਼ੇ ਦੇ ਬਚਾਅ ਲਈ ਉਸ ਦੇ ਅੱਗੇ ਆਉਂਦੀ ਹੈ। ਜ਼ਖ਼ਮੀ ਹੋਏ ਦੋਨੋਂ ਪ੍ਰੇਮੀ ਅੰਤ ਮੌਤ ਦੀ ਗੋਦ ਵਿਚ ਸੌਂਅ ਜਾਂਦੇ ਹਨ।) ਸਟੇਜ਼ ਦੀ ਬੈਕਰਾਉਂਡ ਵਿਚੋਂ ਇਕ ਗੀਤ ਦੇ ਬੋਲ ਸੁਣਾਈ ਦਿੰਦੇ ਹਨ .....)

ਬੇਵਫ਼ਾ ਤੁਸੀਂ ਕਹਿ ਕੇ ਮੈਨੂੰ
ਇੰਜ ਨਾ ਤਾਹਨੇ ਮਾਰੋ ਵੇ!
ਵਸਣ ਤੋਂ ਪਹਿਲਾਂ ਉੱਜੜ ਗਈ ਨੂੰ
ਹਾੜ੍ਹਾ ਨਾ ਦੁਰਕਾਰੋ ਵੇ!
ਦੁੱਧ 'ਚੋਂ ਪਾਣੀ ਛਾਣਨ ਲਈ
ਮੇਰੀ ਕਥਾ ਨੂੰ ਫੇਰ ਵਿਚਾਰੋ ਵੇ!
ਮੇਰੀ ਕਥਾ ਨੂੰ ਫੇਰ ਵਿਚਾਰੋ ਵੇ!!

**ਪਰਦਾ ਡਿੱਗਦਾ ਹੈ ................**

(ਸਮਾਪਤ)

# ਸਾਹਿਬਾਂ
(ਅੰਤਿਕਾ)

ਬ੍ਰਹਿਮੰਡ ਇਕ ਰੰਗ ਮੰਚ ਹੈ,

ਜੀਵਨ-ਧਾਰਾ ਇਕ ਨਾਟਕ ਹੈ

ਅਤੇ

ਸਭ ਜੀਵ-ਜੰਤੂ ਅਭਿਨੇਤਾ/ ਅਭਿਨੇਤਰੀਆਂ ਹਨ।

(**ਪਹਿਲਾ ਅੰਕ**)

ਮਿਰਜ਼ਾ : ਸਾਹਿਬਾਂ ਦਾ ਪ੍ਰੇਮੀ। ਦਾਨਾਬਾਦ ਦੇ ਵਸਨੀਕ ਬਿੰਜਲ ਖ਼ਾਨ ਖਰਲ ਦਾ ਇਕਲੌਤਾ ਪੁੱਤਰ। ਉਮਰ ਅਠਾਰਾਂ ਕੁ ਸਾਲ।

ਸਾਹਿਬਾਂ : ਮਿਰਜ਼ੇ ਦੀ ਪ੍ਰੇਮਿਕਾ। ਝੰਗ ਸਿਆਲ ਦੇ ਚੌਧਰੀ ਖੀਵਾ ਖ਼ਾਨ ਸਿਆਲ ਦੀ ਧੀ। ਉਮਰ ਸੋਲ੍ਹਾਂ ਕੁ ਸਾਲ।

(**ਦੂਜਾ ਅੰਕ**)

ਮਿਰਜ਼ਾ : ਦਾਨਾਬਾਦ ਦੇ ਵਸਨੀਕ ਬਿੰਜਲ ਦਾ ਪੁੱਤਰ।

ਕਰਮੂ : ਮਿਰਜ਼ੇ ਦਾ ਦੋਸਤ। ਮਿਰਜ਼ੇ ਤੋਂ ਦੋ ਕੁ ਸਾਲ ਵੱਡਾ।

ਕੁੰਭਕਰਨ : ਮਿਥਿਹਾਸਕ ਕਥਾ ਰਮਾਇਣ ਦਾ ਇਕ ਪਾਤਰ। ਲੰਕਾ ਦੇ ਰਾਜੇ ਰਾਵਣ ਦਾ ਭਰਾ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਛੇ ਮਹੀਨੇ ਸੌਂਇਆਂ ਕਰਦਾ ਸੀ।

ਸ਼ਿਵ ਜੀ: ਹਿੰਦੂਆਂ ਦਾ ਮਿਥਿਹਾਸਕ ਦੇਵਤਾ। ਕਹਿੰਦੇ ਹਨ ਗੰਗਾ ਨਦੀ ਇਹਦੇ ਸਿਰ ਦੀਆਂ ਜਟਾਵਾਂ ਵਿਚੋਂ ਨਿਕਲ ਕੇ ਵਗਦੀ ਹੈ।

ਬੁੱਢਾ ਫ਼ਕੀਰ : ਸ਼ਾਇਰ ਝੰਗ ਸਿਆਲ ਦਾ ਵਸਨੀਕ ਫ਼ਕੀਰ। ਇਹ ਆਪਣੀ ਮਾਸ਼ੂਕਾ ਦੀ ਬੇਵਫ਼ਾਈ ਕਾਰਨ ਪਹਿਲਾਂ ਫ਼ਕੀਰ ਤੇ ਫੇਰ ਸ਼ਾਇਰ ਬਣ ਗਿਆ ਸੀ। ਇਸ ਦਾ ਨਾਂ ਸ਼ਾਇਦ ਪੀਲੂ ਸੀ।

(**ਤੀਜਾ ਅੰਕ**)

ਸਲਮੀ : ਸਾਹਿਬਾਂ ਦੀ ਮਾਂ।

ਸਾਹਿਬਾਂ : ਸਲਮੀ ਦੀ ਧੀ।

ਮੱਕੇ ਦਾ ਹੱਜ਼ : ਮੁਸਲਮਾਨਾਂ ਦੀ ਇਕ ਧਾਰਮਿਕ ਰਸਮ।(ਮੱਕਾ ਅਰਬ ਵਿਚ ਹੈ ਤੇ ਅਨੇਕਾਂ ਹਾਜ਼ੀ ਜ਼ੰਨਤ ਦੀ ਪ੍ਰਾਪਤੀ ਲਈ ਉੱਥੇ ਹੱਜ਼ ਕਰਨ ਜਾਂਦੇ ਹਨ।)

ਸੁਰਗ : ਹਿੰਦੂ ਮਿਥਿਹਾਸ ਅਨੁਸਾਰ ਜਿਹੜਾ ਆਦਮੀ ਧਰਤੀ ਉੱਤੇ ਰਹਿ ਕੇ ਚੰਗੇ ਕੰਮ ਕਰਦਾ ਹੈ, ਕਿਸੇ ਨੂੰ ਦੁੱਖ ਨਹੀਂ ਦਿੰਦਾ ਤੇ ਦਾਨ-ਪੁੰਨ ਕਰਦਾ ਹੈ, ਉਸਨੂੰ ਪ੍ਰਲੋਕ ਵਿਚ ਸੁਰਗ ਦੀ ਪ੍ਰਾਪਤੀ ਹੁੰਦੀ ਹੈ।ਸਵਰਗ ਵਿਚ ਸ਼ਾਂਤੀ ਤੇ ਖੇੜਾ ਹੁੰਦਾ ਹੈ।

ਨਰਕ : ਹਿੰਦੂ ਮਿਥਿਹਾਸ ਅਨੁਸਾਰ ਮਰਨ ਤੋਂ ਬਾਅਦ, ਪਾਪੀ ਆਦਮੀ ਨੂੰ ਨਰਕ ਮਿਲਦਾ ਹੈ, ਜਿੱਥੇ ਉਸ ਨੂੰ ਬਹੁਤ ਤਸੀਹੇ ਦਿੱਤੇ ਜਾਂਦੇ ਹਨ।

ਬਿੰਜਲ : ਮਿਰਜ਼ੇ ਦਾ ਅੱਬਾ (ਪਿਤਾ)।ਦਾਨਾਬਾਦ ਦਾ ਰਹਿਣ ਵਾਲਾ।

ਤਾਹਿਰ : ਸਾਹਿਬਾਂ ਦਾ ਮੰਗੇਤਰ ਤਾਹਿਰ ਖ਼ਾਨ ਚੰਧੜ ਉਮਰ 21 ਸਾਲ।

ਚੰਧੜ : ਇਕ ਗੋਤ ਜਿਸ ਨਾਲ ਤਾਹਿਰ ਖ਼ਾਨ ਸਬੰਧਤ ਸੀ।

ਖੀਵਾ ਖ਼ਾਨ : ਸਾਹਿਬਾ ਦਾ ਪਿਤਾ।ਝੰਗ ਸਿਆਲ ਦਾ ਚੌਧਰੀ।

ਲਾਗੀ : ਪਿੰਡਾਂ ਵਿਚ ਨਾਈ ਆਦਿ ਨੂੰ ਲਾਗੀ ਕਿਹਾ ਜਾਂਦਾ ਹੈ।ਪੁਰਾਣੇ ਸਮਿਆਂ ਵਿਚ ਲੋਕ ਕੁੜੀ ਦਾ ਸ਼ਗਨ ਪਾਉਣ (ਰਿਸ਼ਤਾ ਕਰਨ) ਅਤੇ ਵਿਆਹ ਆਦਿ ਬੰਨ੍ਹਣ ਲਈ ਲਾਗੀ ਨੂੰ ਹੀ ਘਲਦੇ ਸਨ।

## (ਚੌਥਾ ਅੰਕ)

ਬੀਬੋ : ਮਿਰਜ਼ੇ ਦੀ ਮਾਸੀ।ਸਾਹਿਬਾਂ ਦੀ ਭੂਆ।

ਸਿਆਲ : ਇਕ ਗੋਤ, ਜਿਸ ਨਾਲ ਸਾਹਿਬਾਂ ਦਾ ਸੰਬਧ ਸੀ।

ਮਿਰਜ਼ਾ : ਬੀਬੋ ਦਾ ਭਾਣਜਾ।ਉਸ ਦੀ ਭੈਣ ਛੱਤੀ ਦਾ ਪੁੱਤਰ।

ਕੁਰਾਨਿ : ਮੁਸਲਮਾਨਾਂ ਦਾ ਧਾਰਮਿਕ ਗ੍ਰੰਥ।

## (ਪੰਜਵਾਂ ਅੰਕ)

ਜੈਨਾਂ : ਸਾਹਿਬਾਂ ਦੀ ਸਹੇਲੀ। ਉਸ ਦੀ ਹਮ ਉਮਰ।

ਸਾਹਿਬਾਂ : ਮਿਰਜ਼ੇ ਨੂੰ ਪ੍ਰੇਮ ਕਰਨ ਵਾਲੀ ਕੁੜੀ।

ਬੁਲਬੁਲ : ਇਕ ਪੰਛੀ ਜੋ ਬਹੁਤ ਪਿਆਰਾ ਗਾਉਂਦਾ ਹੈ।

## (ਛੇਵਾਂ ਅੰਕ)

ਬਿੰਜਲ : ਦਾਨਾਬਾਦ ਦਾ ਵਸਨੀਕ। ਮਿਰਜ਼ੇ ਦਾ ਪਿਤਾ।

ਮਿਰਜ਼ਾ : ਬਿੰਜਲ ਦਾ ਇਕਲੌਤਾ ਪੁੱਤਰ।

ਨਸੀਬੋ : ਮਿਰਜ਼ੇ ਦੀ ਮਾਂ।

ਛੱਤੀ : ਮਿਰਜ਼ੇ ਦੀ ਭੈਣ।

## (ਸੱਤਵਾਂ ਅੰਕ)

ਸਾਹਿਬਾਂ : ਮਿਰਜ਼ੇ ਦੀ ਪ੍ਰੇਮਿਕਾ।

ਮਿਰਜ਼ਾ : ਸਾਹਿਬਾਂ ਦਾ ਪ੍ਰੇਮੀ।

ਸ਼ਮੀਰ : ਸਾਹਿਬਾਂ ਦਾ ਭਰਾ। ਉਮਰ 24 ਕੁ ਸਾਲ।

ਫਿਰੋਜ਼ ਡੋਗਰ : ਸਾਹਿਬਾਂ ਦਾ ਉਹ ਪ੍ਰੇਮੀ, ਜਿਸ ਨੂੰ ਸਾਹਿਬਾਂ ਨੇ ਠੁਕਰਾ ਦਿੱਤਾ ਸੀ। ਇਹ ਸਾਹਿਬਾਂ ਦੇ ਪਿੰਡ ਝੰਗ ਸਿਆਲ ਦਾ ਵਸਨੀਕ ਸੀ। ਉਮਰ 20 ਕੁ ਸਾਲ।

ਜੰਡ : ਇਕ ਬਿਰਖ। ਇਹ ਜ਼ਿਆਦਾਤਰ ਰੋਹੀਆਂ ਰੱਕੜਾਂ ਵਿੱਚ ਹੁੰਦਾ ਹੈ।

## (ਅੱਠਵਾਂ ਅੰਕ)

ਮਿਰਜ਼ਾ : ਸਾਹਿਬਾਂ ਦਾ ਪ੍ਰੇਮੀ

ਸਾਹਿਬਾਂ : ਮਿਰਜ਼ੇ ਦੀ ਪ੍ਰੇਮਿਕਾ

ਸ਼ਮੀਰ ; ਸਾਹਿਬਾਂ ਦਾ ਭਰਾ